# ਅੰਮ੍ਰਿਤ ਕੀਰਤਨ

Amrit Kirtan

अमृत कीर्तन

ਅੰਕ 15 ਅਗਸਤ 1990




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਪ੍ਰਸਿੱਧ ਰਬਾਬੀ ਕੀਰਤਨੀਏ

## ਭਾਈ ਚਾਂਦ



(ਭਾਈ ਚਾਂਦ ਬਾਰੇ ਕਵਿਤਾ ਪੰਨਾ 5 ਤੇ)

# ਅੰਮ੍ਰਿਤ ਕੀਰਤਨ

# Amrit Kirtan    अमृत कीर्तन

ਅੰਕ 15    ਅਗਸਤ 1990

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**
ਇੱਕ ਕਾਪੀ : 5 ਰੁਪਏ

| | |
|---|---|
| ·ਨਾ | 50 ਰੁਪਏ |
| ·ਾਵਨ ਮੈਂਬਰ | 500 ਰੁਪਏ |
| **ਵਿਦੇਸ਼** | |
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |

## ਵਿਸ਼ਾ    ਪੰਨਾ

1. ਕਰਉ ਬੇਨੰਤੀਆ — 2
2. ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ —ਟੀ. ਸੀ. ਨਾਗਪਾਲ — 3
3. ਸੰਗੀਤਕ ਰਚਨਾਵਾਂ ਦੇ ਮੁੱਖ ਸਿਧਾਂਤ —ਪ੍ਰੋ. ਤਾਰਾ ਸਿੰਘ — 9
4. ਅੰਮ੍ਰਿਤਰਸ ਹਰਿ ਕੀਰਤਨੋ ਭਾਈ ਕੁਲਵੰਤ ਸਿੰਘ ਚੰਦਨ — 13
5. ਪ੍ਰਸਿੱਧ ਕੀਰਤਨੀਏ —ਭਾਈ ਮਿਹਰ ਸਿੰਘ ਤਾਨ — 15
6. ਗੁਰਬਾਣੀ ਗਾਇਨ ਵਿਧੀ ਡਾ. ਜਾਗੀਰ ਸਿੰਘ — 17
7. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਸੰਬੰਧੀ ਸਾਂਝੀਵਾਲਤਾ—ਗਿ: ਆਵਤ ਸਿੰਘ — 21
8. ਰਾਗ ਬਿਲਾਵਲ —ਭਾਈ ਕੁਲਵੰਤ ਸਿੰਘ ਚੰਦਨ — 23
9. ਰਾਗ ਤੁਖਾਰੀ--ਹਰਿਭਜਨ ਸਿੰਘ ਚੌਪੜਾ
10. Ragi Jatha Bhai Santa Singh — 26
11. ਰਾਗ ਆਸਾ — 28
12. ਕੀਰਤਨ ਕੈਸਟਾਂ — 30
13. ਪੁਸਤਕ ਰੀਵੀਊ — ਮਨਮੋਹਨ ਸਿੰਘ ਦਾਊਂ — 34

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕਰਉ ਬੇਨੰਤੀਆ

## ਗੁਰਬਾਣੀ ਅਤੇ ਰਾਗਾਂ ਬਾਰੇ

ਅੱਜਕਲ੍ਹ ਗੁਰਬਾਣੀ ਅਤੇ ਸੰਗੀਤ ਦੇ ਸੰਬੰਧ ਬਾਰੇ ਕੁਝ ਕਿੰਤੂ ਪਰੰਤੂ ਕੀਤੇ ਜਾ ਰਹੇ ਹਨ। ਕੁਝ ਤਾਂ ਉਹਨਾਂ ਬਹੁਤ ਪ੍ਰਸਿਧ ਕੀਰਤਨੀਆਂ ਵਲੋਂ ਜਿਹੜੇ ਆਪਣੇ ਕੀਰਤਨ ਕਰਕੇ ਘਟ ਅਤੇ ਵਿਆਖਿਆ ਕਾਰਨ ਵਧ ਪ੍ਰਸਿਧ ਹੋਏ ਹਨ ਅਤੇ ਕੁਝ ਖੋਜੀ ਵਿਦਵਾਨ ਵੀ ਰਾਗ ਨੂੰ ਬੇਲੋੜਾ ਦਸ ਕੇ ਅੰਦਰੂਨੀ ਰਾਗ ਜਾਂ ਸੰਗੀਤ ਦੀ ਗੱਲ ਕਰਦੇ ਹੋਏ ਕੀਰਤਨੀਆਂ ਨੂੰ ਨਕਾਰਦੇ ਹਨ। ਪਰ ਰਾਗ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

— ਗੁਰੂ ਗ੍ਰੰਥ ਸਾਹਿਬ ਦੀ ਲਗਭਗ ਸਾਰੀ ਬਾਣੀ ਰਾਗਾਂ ਵਿਚ ਦਰਜ ਹੈ।

— ਵਿਸ਼ੇਸ਼ ਰਾਗ ਦੀ ਹਰ ਰਚਨਾ ਉਤੇ ਰਾਗ ਦਾ ਨਾਮ ਦਿੱਤਾ ਹੋਇਆ ਹੈ।

— ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬਾਣੀਆਂ ਉਪਰ ਗਾਉਣ ਬਾਰੇ ਸਪਸ਼ਟ ਸੰਕੇਤ ਦਿਤੇ ਹੋਏ ਹਨ, ਜਿਵੇਂ ਪਹਿਰਿਆਂ ਕੇ ਘਰ ਗਾਵਣਾ, ਟੁੰਡੇ ਅਸਰਜੇ ਕੀ ਧੁਨੀ ਆਦਿ।

ਜੇ ਰਾਗ ਬਾਰੇ ਸ਼ੰਕਾ ਕਰਨ ਵਾਲਿਆਂ ਦੀ ਗੱਲ ਮੰਨ ਲਈਏ ਤਾਂ ਗੁਰੂ ਸਾਹਿਬ ਦੇ ਦਿੱਤੇ ਇਹ ਹੁਕਮ ਨਿਰਾਰਥਕ ਹੋ ਜਾਂਦੇ ਹਨ।

— ਹਰਿਮੰਦਰ ਸਾਹਿਬ ਤੋਂ ਨਿਰਧਾਰਤ ਰਾਗਾਂ ਅਨੁਸਾਰ ਹੀ ਕੀਰਤਨ ਕਰਨ ਦੇ ਜਤਨ ਹੋਣੇ ਚਾਹੀਦੇ ਹਨ।

— ਸਧਾਰਨ ਸਰੋਤਾ ਕੀਰਤਨੀਆਂ ਨੂੰ ਰਾਗ ਵਿਚ ਸ਼ਬਦ ਸੁਣਾਉਣ ਲਈ ਬੇਨਤੀ ਕਰੇ ਤਾਂ ਸਾਰੇ ਕੀਰਤਨੀਏ ਇਸ ਪਾਸੇ ਵੱਲ ਰੁਚਿਤ ਹੋਣਗੇ।

— ਕੀਰਤਨ ਸਮੇਂ ਮਨ, ਤਨ, ਪਹਿਰਾਵਾ ਸੁੱਚਾ ਹੋਣਾ ਜ਼ਰੂਰੀ ਹੈ ਇਸ ਦੇ ਨਾਲ ਨਾਲ ਰਾਗ ਵੀ ਸੁੱਚਾ ਹੋਣਾ ਜਰੂਰੀ ਹੈ।

— ਜਿਹੜੇ ਕੀਰਤਨੀਏ ਨੇ ਸੁਰ ਨਹੀਂ ਸਾਧਿਆ ਉਹ ਮਨ ਵੀ ਨਹੀਂ ਸਾਧ ਸਕਦਾ।

— ਕੀਰਤਨ ਵਿਚ ਸ਼ਰਧਾ ਲਾਜ਼ਮੀ ਹੈ ਨਹੀਂ ਤਾਂ ਕੀਰਤਨ ਸਧਾਰਨ ਗਾਇਨ ਬਣ ਜਾਂਦਾ ਹੈ।

ਤੁਹਾਡਾ ਕੀ ਵਿਚਾਰ ਹੈ ?

ਦਾਸਰਾ
ਜਾਗੀਰ ਸਿੰਘ

# ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ

(ਜੂਨ ਅੰਕ ਤੋਂ ਅਗੇ) T. C. Nagpal, Amritsar

ਹੁਣ ਹਸਬ-ਵਾਇਦਾ ਇਸ ਤੋਂ ਪਹਿਲੇ ਕਿ ਦਾਸ ਆਖ਼ਿਰੀ ਇਕ ਨਾ-ਨਜ਼ੀਰ ਰਬਾਬੀ ਫ਼ਨਕਾਰ ਆਪਣੇ ਪੂਜਯ ਪ੍ਰੇਮ ਮਿਤਰ ਸਵ: ਭਾਈ ਸਾਹਿਬ ਭਾਈ ਚਾਂਦ ਜੀ ਦੀ (ਅਜ਼ੀਮ ਕਲਾਕਾਰੀ ਅਤੇ ਕਾਬਲੀਅਤ) ਦਾ ਜ਼ਿਕਰ ਕਰੇ : ਮੁਨਾਸਿਬ ਸਮਝਿਆ ਜਾਂਦਾ ਹੈ : ਕਿ ਪੈਹਲੇ ਦਾਸ ਇਕ ਸਿਧਾਂਤਕ Point ਆਪਣੇ ਅਜ਼ੀਜ਼ ਪਾਠਕਾਂ ਸਾਮਣੇ ਰਖੇ ॥ ਗੁਰਬਾਣੀ ਵਿਚ ਫ਼ੁਰਮਾਯਾ ਗਿਆ ਹੈ ਕਿ :

"ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ" ॥ ਮ: ੨

(ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭ ਕਿਛੁ ਹੋਇ) ॥ ਸਲੋਕ ਮ: 3

"ਮਨ ਮੇਰੇ ਕਰਤੇ ਨੋ ਸਾਲਾਹਿ" ਸ੍ਰੀ ਰਾਗ ਮ: 4 (5)

ਭਾਵ ਕਿ : ਮਖਲੂਕ ਦਾ ਕੀ ਸਲਾਹੁਣਾ ਹੁੰਦਾ ਹੈ ? ਸਲਾਹੁਣ-ਯੋਗ ਤਾਂ ਅਸਲ ਵਿਚ ਉਹ ਸਾਡਾ ਕਰਤਾ ਖਾ-ਲਿਕ-ਪ੍ਰਵਰਦਗਾਰ ਹੀ ਹੈ ॥ ਅਸੀਂ ਉਸਦੇ ਬੰਦੇ ਬਜ਼ਾਹਿਰ ਭਾਵੇਂ ਕਿਨੇ ਭੀ ਗੁਣਵਾਨ ਸੁਚਜੇ ਅਤੇ ਹੁਨਰਮੰਦ ਕਿਉਂ ਨਾ ਪ੍ਰਤੀਤ ਹੋਈਏ : ਫਿਰ ਭੀ ਸਾਡੀ ਹਕੀਕੀ ਪੁਜ਼ੀਸ਼ਨ ਬਕੌਲ ਗੁਰਬਾਣੀ ਹੀ : ਕੁਝ ਇੰਜ ਹੈ ਕਿ :

"ਕਾਠ ਕੀ ਪੁਤਰੀ ਕਹਾਂ ਕਰੈ ਬਪੁਰੀ ॥
ਖਿਲਾਵਨ ਹਾਰੋ ਜਾਨੈ ॥
ਜੈਸਾ ਭੇਖੁ ਕਰਾਵੈ ਬਾਜੀਗਰ ਓਹੁ ਤੈਸੋ ਹੀ ਸਾਜੁ ਆਨੈ ॥

ਗਉੜੀ 5 ਪੰਨਾ 206 ॥

ਸੋ ਇੰਜ ਵਾਹਿਗੁਰੂ ਪ੍ਰਮੇਸ਼ਵਰ ਜਿਸ ਨੂੰ ਚਾਹੇ : ਉਸਦੇ ਭਾਗ-ਮਸਤਕ ਅਨੁਸਾਰ ਉਸਨੂੰ ਨਮਿਤ ਬਣਾਕੇ : ਉਸ ਰਾਹੀਂ ਆਪਣੇ ਹੀ ਗੁਣਾਂ ਖੂਬੀਆਂ ਦਾ ਪ੍ਰਗਟਾਵਾ ਇਸ ਦੁਨੀਆਂ ਵਿਚ ਯਾ ਮਨੁਖੀ ਸਮਾਜ ਵਿਚ ਕਰਵਾ ਦੇਵੇ ॥ ਤਦ ਭੀ ਇਸ ਸਪੈਸ਼ਲ ਪ੍ਰਮਾਰਥਿਕ ਮੰਜ਼ਿਲ ਵਲ ਆਮ ਜਨ-ਸਾਧਾਰਨ ਨੂੰ ਪ੍ਰੇਰਿਤ ਕਰਨ ਵਾਲੇ ਅਤੇ ਪ੍ਰਭੂ ਦੀ ਯਾਦ ਪਿਆਰ ਵਲ ਕਲਾਕਾਰੀ ਦੇ ਸਹਾਰੇ ਸਾਡੀ ਰੁਚੀ ਪੈਦਾ ਕਰਨ ਵਾਲੇ ਕਿਸੀ ਭੀ ਕਾਬਿਲ-ਸਖ਼ਸੀਅਤ ਦੀ ਇਕ ਨਮਿਤ ਹੁੰਦੇ ਹੋਇ ਭੀ ਕੁਝ ਖਾਸ ਅਹਿਮੀਯਤ ਅਤੇ ਕੀਮਤ ਕਦਰ ਬਣ ਹੀ ਜਾਂਦੀ ਹੈ ॥ ਅਤੇ ਜੇਕਰ ਦੂਰ-ਅੰਦੇਸ਼ੀ ਨਾਲ ਵਿਚਾਰੀਏ ਤਾਂ ਨਮਿਤ ਬਣੀ ਸ਼ਖਸੀਅਤ ਦੀ ਉਪਮਾ ਵਡਿਆਈ ਯਾ ਕੀਮਤ-ਕਦਰ ਦਾ Credit ਭੀ ਤਾਂ ਅਖ਼ੀਰ ਉਸਦੇ ਮਾਲਕ (ਖਾਲਕ) ਨੂੰ ਹੀ ਜਾਂਦਾ ਹੈ ਕਿਉਂਕਿ ਨਮਿਤ ਬਣੀ ਸ਼ਖਸੀਅਤ ਦੀਆਂ ਕਾਬਲੀਯਤਾਂ ਯਾ ਖੂਬੀਆਂ ਭੀ ਤਾਂ ਬਕੌਲ ਗੁਰਬਾਣੀ ਹੀ ਕਿ :

"ਗੁਣਾਂ ਕਾ ਨਿਧਾਨ ਏਕ ਹੈ ॥ਆਪੇ ਦੇਇ ਤਾਕੋ ਪਾਇ ॥

ਸਲੋਕ ਮ: 3

ਆਪਣੀਆਂ ਜ਼ਾਤੀ ਯਾ ਨਿਜੀ ਨਹੀਂ ਹਨ। ਬਲਕਿ ਇਹ ਪ੍ਰਭੂ ਪ੍ਰਮੇਸ਼ਵਰ ਵਲੋਂ ਉਸਨੂੰ ਪਾਤਰ ਜਾਣਕੇ Allot ਹੋਈਆਂ ਹੁੰਦੀਆਂ ਹਨ ॥ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਵੀ ਗਾਲਬਨ ਇਸ ਫ਼ੁਰਮਾਣ :

"ਜੋ ਨਾਮ ਸੁਣਾਵੈ ਸੋ ਮੇਰਾ ਮੀਤ 'ਸਖਾਈ'

(ਆਸਾ ਮ: 4 ਪੰਨਾ 367)

ਅਨੁਸਾਰ ਅਜਿਹੇ (Messenger ਯਾ ਵਿਚੋਲੇ) ਸ਼ਖ਼ਸ ਨੂੰ ਆਪਣਾ ਮਿਤਰ ਕੈਹਕੇ ਸਤਕਾਰਿਆ ਹੈ।

ਵਾਜਿਹ ਰਹੇ : ਕਿ ਦਾਸ ਸ਼ੁਰੂ ਤੋਂ ਅਖ਼ੀਰ ਤਕ ਕਿਸੇ ਭੀ ਕਲਾਕਾਰ ਦੀ ਇਥੇ (Alround life) ਦੀ ਹਮਾਇਤ ਨਹੀਂ ਕਰਦਾ। ਬਲਕਿ ਮੈਹਜ਼ ਸ਼ਬਦ-ਕੀਰਤਨ ਯਾ ਸੰਗੀਤ ਦੀ ਫ਼ਨਕਾਰੀ ਦੀ Ability ਯਾ ਕਾਬਲੀਯਤ ਸਬੰਧੀ ਹੀ ਸਭ ਉਪਰੋਕਤ ਸਜਨਾਂ ਦਾ ਜ਼ਿਕਰ ਕਰਦਾ ਹੈ। ਕਿਉਂਕਿ ਸਾਡੇ ਆਮ ਗ੍ਰਿਹਸਥੀਆਂ ਵਾਂਗ ਇਨਾਂ ਵਿਚ ਭੀ ਕੁਝ ਦੁਨਿਆਵੀ ਕਮਜ਼ੋਰੀਆਂ ਹੋ ਸਕਦੀਆਂ ਹਨ।

ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਨੇ ਗਉੜੀ ਮ: 3 ਵਿਚ ਕਿਆ ਸੁੰਦਰ ਸਚਾਈ ਬਆਨ ਫੁਰਮਾਈ ਹੈ ਪੰਨਾ 245

ਇਹ ਸਰੀਰੁ ਕੂੜਿ ਕੁਸਤਿ ਭਰਿਆ : ਗਲ ਤਾਈ ਪਾਪ ਕਮਾਏ ॥

ਹਾਂ ਤਾਂ ਦਾਸ ਹੁਣ ਕੁਝ ਆਪਣੇ ਅਸਲੀ Subject (ਮਜ਼ਮੂਨ) ਵਲ ਆਉਂਦਾ ਹੈ। ਸੋ ਇਥੇ ਹੁਣ ਦਾਸ ਫਿਲਹਾਲ ਸਵ: ਭਾਈ ਚਾਂਦ ਜੀ ਰਬਾਬੀ ਅੰਮ੍ਰਿਤਸਰੀ (ਸੁਤਲਾਨੀ-ਵਾਲਿਆਂ ਨੂੰ) : ਕੁਝ ਸਣੇ ਉਨ੍ਹਾਂ ਦੇ ਉਸਤਾਦ ਸਾਹਿਬ ਭਾਈ ਲਾਲ ਜੀ ਉਸਤਾਦੇ ਆਜ਼ਮ ਮਰਹੂਮ : ਬਤੌਰ 'ਅਕੀਦਤ ਕੇ ਫੂਲ' ਇਕ ਉਰਦੂ ਨਜ਼ਮ ਪੰਜਾਬੀ ਲਿਪੀ ਵਿਚ ਸਣੇਂ ਅਰਥਾਂ ਲਿਖ ਕੇ ਆਪਣੇ ਪਾਠਕਾਂ ਅਗੇ ਪੇਸ਼ ਕਰ ਰਿਹਾ ਹੈ। ਉਪਰੰਤ ਦਾਸ ਅਗਲੀ ਕਿਸਤ ਵਿਚ ਕੁਝ ਵਜਾਹਤ ਅਤੇ ਵੇਰਵੇ ਨਾਲ ਕੁਝ ਅਖਰ ਨਸਰ ਯਾਨੀ ਆਮ ਬੋਲ ਚਾਲ ਦੀ ਭਾਸ਼ਾ ਵਿਚ ਇਨ੍ਹਾਂ ਸਬੰਧੀ ਹੀ ਅਰਜ਼ ਕਰੇਗਾ। ਆਸ ਹੈ ;ਪਾਠਕ ਸਜਨ ਨਾਚੀਜ਼ ਦੇ ਇਸ ਨਜ਼ਮ ਅਤੇ ਨਸਰ ਦੇ ਲੇਖਾਂ ਨੂੰ ਧਿਆਨ ਅਤੇ ਪ੍ਰੇਮ ਸਹਿਤ ਪੜਨਗੇ।

ਧੰਨਵਾਦ T. C. Nagpur

ਨੋਟ : ਕਿਉਂਕਿ ਨਾ ਚਾਹੁੰਦੇ ਹੋਇ ਭੀ ਇਹ ਮਜ਼ਮੂਨ ਕਾਫੀ ਲੰਬਾ ਹੋ ਗਿਆ ਹੈ ਅਤੇ ਦਾਸ ਨੂੰ ਖੌਫ ਹੀ ਬਣਿਆ ਰੈਂਹਦਾ ਹੈ ਕਿ ਕਿਧਰੇ ਪਾਠਕ ਸਜਨ ਖ਼ਾਹ-ਮਖ਼ਾਹ ਬੋਰ ਹੀ ਨਾਂ ਹੁੰਦੇ ਹੋਣ ?

ਇਸ ਲਈ ਦਾਸ (Top/Super Band-Master) Amritsar : ਖਾਂ ਸਾਹਿਬ ਮੀਆਂ ਆਲਮਗੀਰ ਮ੍ਰਹੂਮ ਦੀ ਫ਼ਨਕਾਰੀ ਦਾ ਜ਼ਿਕਰ ਭੀ ਕਿਸੀ ਅਗਲੀ ਕਿਸ਼ਤ ਵਿਚ ਕਰੇਗਾ। ਕਿਉਂਕਿ ਇਨ੍ਹਾਂ ਦੀ ਫ਼ਨਕਾਰੀ ਦੀ ਦਾਸਤਾਨ ਭੀ ਸੰਨ 1947 ਤੋਂ ਪੈਹਲੇ ਪੈਹਲੇ ਸ੍ਰੀ ਅੰਮ੍ਰਿਤਸਰ ਵਿਚ ਇਕ ਇਤਹਾਸਿਕ ਹੁਨਰਮੰਦੀ ਸੀ : ਅਤੇ ਇਹ ਮਜਮੂਨ ਭੀ ਕਾਫੀ ਜਗ੍ਹਾਂ ਰਬ-ਚਾਹੇ ਘੇਰੇਗਾ। ਇਸ ਤੋਂ ਉਪਰੰਤ ਜੇ ਵਾਹਿਗੁਰੂ ਸ੍ਰੀ ਸਵਸਥ ਅਤ ਕਾਇਮ ਰਖਿਆ ਤਾਂ ਦਾਸ ਕੁਝ ਆਪਣੇ ਉਘੇ ਉਘੇ ਕਵਾਲ ਮਿਤਰਾਂ ਦਾ ਭੀ ਕੁਝ ਮੁਖਤਸਿਰ ਜਿਹਾ ਜ਼ਿਕਰ ਕਰੇਗਾ। ਬਾਕੀ ਫੇਰ ਵਾਹਿਗੁਰੂ ਰਾਖਾ।

T. C. Nagpal
46-V [illegible] Katra Dall singh
Amritsar

# ਕਵਿਤਾ (ਨਜ਼ਮ)

ਟੀ. ਸੀ. ਨਾਗਪਾਲ ਅੰਮ੍ਰਿਤਸਰ

ਐ ਚਾਂਦ : ਭਾਈ ਚਾਂਦ : ਤੇਰੀ ਰੌਸ਼ਨੀ ਕਿਆ ਅਜਬ ਥੀ ?
ਕੋਇਲ ਭੀ ਸ਼ਰਮਿੰਦਾ ਥੀ। ਗਲੂਕਾਰੀ[1] ਤੇਰੀ ਗ਼ਜ਼ਬ ਥੀ ॥

ਅਭੀ ਤੋ ਸੁਨਾ ਹੀ ਨਹੀਂ ਥਾ ਹਮਨੇ : ਤੁਮਹੇਂ ਮੁਕੰਮਲ ਜੀ ਭਰਕੇ।
ਉਡ਼ ਚਲ ਦੀਏ ਬੇ-ਵਕਤ ਆਪ ਹਮੇਂ ਯੂੰ ਬੇ-ਸਕੂੰ[2] ਕਰਕੇ ॥
ਜੋ ਗਾਇਆ ਆਪਨੇ ਇਕ ਅਜਬ ਨਾ-ਨਜ਼ੀਰ[3] ਗਾਇਆ ਥਾ।
ਮਾਲੂਮ ਨਹੀਂ ਯੇਹ ਖ਼ਸੂਸੀ[4] ਲਬੋ-ਲੈਹਜਾ ਤੂ ਨੇ ਕਹਾਂ ਸੇ ਪਾਇਆ ਥਾ ?
ਖ਼ਲਾ[5] ਪੁਰ ਨਹੀਂ ਹੂਆ ਤਾਹਾਲ[6] ਜੋ ਤੁਮਨੇ ਕਰ ਦੀਆ ਯੂੰ ਪੈਦਾ।
ਗੌਰ ਹੋਨਾ ਥਾ ਰੁਖ਼ਸਤ ਆਪਨੇ ਤੋ ਕਿਉਂ ਕਰ ਦੀਆ ਹਮੇਂ ਯੂੰ ਸ਼ੈਦਾ[7] ?
ਮੌਸੀਕਾਰੋ--ਖ਼ਤੀਬ[8] ਤੋ ਔਰ ਭੀ ਥੇ ਉਸ ਵਕਤ ਮੇਂ ਉਸ ਦੌਰ ਮੇਂ।
ਮਗਰ ਤੇਰਾ ਅੰਦਾਜ਼ੇ-ਬਯਾਂ[9] ਕਿਆ ਗ਼ਜ਼ਬ ਥਾ ਵੋਹ ਢੂੰਡੇਂ ਅਬ ਕਿਸ ਗੋਰ[10] ਮੇਂ ?

"ਐ ਚਾਂਦ ਭਾਈ ਚਾਂਦ ਤੇਰੀ ਰੌਸ਼ਨੀ ਕ੍ਰਿਆ............

ਰੋਜ਼ੇ-ਅਜ਼ਲ[11] ਸੇ ਤੇਰੀ ਕੁੰਡਲੀ[12] ਮੇਂ ਯੂੰ ਐਸੇ ਹੀ ਕੁਛ ਦਰਜ ਥਾ ॥
ਜਾਂ[13] ਤੋੜ ਕਰ ਗਾਨਾ-ਬਜਾਨਾ ਗੋਯਾ ਤੇਰਾ ਹੀ ਯੇਹ ਫ਼ਰਜ਼ ਥਾ ॥
ਪਸੀਨਾ ਟਪਕਤਾ ਥਾ ਤੇਰੀ ਪੇਸ਼ਾਨੀ[14] ਸੇ ਚੰਦ-ਮਿੰਟ ਕੀ ਫ਼ਨਕਾਰੀ ਸੇ।
ਖ਼ਵਾਹ[15] ਮੌਸਮ ਸ਼ਦੀਦ[16]-ਸਰਦ ਤੋ ਆਸਮਾਂ ਕੀ ਬਰ਼ਫ-ਬਾਰੀ[17] ਸੇ ॥
ਮੈਹਜ਼[18] ਫ਼ਨ ਕੀ ਲਾਜ ਰਖਨੇ ਕੋ ਤੂ ਨੇ ਕਰਦੀ ਜਾਂ ਹਲਾਲ।
ਕਭੀ ਰੂਖਾ ਫ਼ੀਕਾ ਗਾਇਆ ਹੋ ? ਯੇ ਉਠਤਾ ਹੀ ਨਹੀਂ ਸਵਾਲ ॥
ਟੂਟੀ ਫੂਟੀ ਗੁਲੂਕਾਰੀ ਗੋਯਾ ਤੇਰੇ ਲੀਏ ਕਸਮ ਥੀ।
ਆਬਰੂਏ-[19] ਫ਼ਨ ਬਚਾਨਾਂ ਤੋ ਤੇਰੀ ਖਾਨਦਾਨੀ ਰਸਮ ਥੀ ॥
'ਐ ਚਾਂਦ ਭਾਈ ਚਾਂਦ.......... .........
ਇਕ ਨਜ਼ਰ ਮੇਂ ਤੂ ਭਾਂਪ ਜਾਤਾ ਮੌਕੇ ਔਰ ਮਾਹੋਲ[20] ਕੋ।
ਉਸੀ ਰਾਗ ਔਰ ਤਰਜ਼ ਮੇਂ ਤੂ ਗਾਤਾ ਦੀਨੀ-ਕੌਲ[21] ਕੋ।
ਬੇ-ਵਕਤ ਕਾ ਮੌਜ਼ੂਅ[22] ਮੌਸੀਕੀ[23] ਤੂ ਹਰਗਿਜ਼ ਕਭੀ ਨਾ ਗਾਤਾ ਥਾ।
ਸਾਮੇਅ[24] ਲਾਖ ਕਰੇ ਫ਼ੁਰਮਾਇਸ਼ ਤੂ ਫ਼ਨ ਕੋ ਲਾਜ ਨਾ ਲਾਤਾ ਥਾ।
ਤੇਰੇ ਜ਼ਿਹਨ ਮੇਂ ਕੌਲੇ-ਦੀਨ ਕਾ ਏਕ ਬਹੁਤ ਬੜਾ ਖ਼ਜ਼ੀਨਾ ਥਾ।
ਤੱਲਫ਼ੱਜ਼ ਭੀ ਤੇਰਾ ਸਾਫ ਥਾ ਸੁਰ ਤਾਲ ਕਾ ਤੁਝੇ ਕਰੀਨਾ ਥਾ ॥
ਤੂ ਗਿਰਹਾ ਪੇ ਗਿਰਹਾ[28] ਲਗਾਤਾ ਥਾ: ਫਿਰ ਮੌਜ਼ੂਅ ਪੇ ਵਾਪਸ ਆਤਾ ਥਾ।

ਉਸਤਾਦਾਨਾ-ਰੰਗ ਦਿਖਾ ਕਰਕੇ ਤਹਿਸੀਨੋ-ਦਾਦ[29] ਤੂ ਪਾਤਾ ਥਾ ॥
ਦਾਇਮੀ[30] ਹਮਰਾਹ[31] ਦੀਨੀ ਕਲਾਮ: ਤੂ ਨੇ ਕੀਆ[32] ਬਜ਼ੋਰ ਪਲਟਾਓ-ਤਾਨ ।
ਬਮੈਅ ਆਲਾਪ-ਅਜ਼ਾਂ[33] ਤੂ ਨੇ ਵਅਜ਼ ਕੀ : ਬਸ ਥੀ ਇਸੀ ਮੇਂ ਤੇਰੀ ਸ਼ਾਂਨ ॥
ਤੇਰੀ ਫ਼ਨਕਾਰੀ ਕਾ ਲਮੱਹਾ:[34] ਲਮੱਹ ਤਿਸ਼ਨਗੀ[35] ਬੜਾਤਾ ਥਾ ।
ਗਰ ਘੰਟੋਂ ਭੀ ਤੂ ਗਾਤਾ ਤੋ ਸਾਮੇਅ ਨਹੀਂ ਉਕਤਾਤਾ[36] ਥਾ ।

"ਐ ਚਾਂਦ ਭਾਈ ਚਾਂਦ ਤੇਰੀ ਰੋਸ਼ਨੀ....... ...... .....

ਸ਼ਾਇਸਤਗੀ[37] ਬੇ-ਹਦ ਥੀ ਤੇਰੀ ਤਮਾਮ-ਤਰ ਗੋਯਾਈ[38] ਮੇਂ ।
ਤੇਰੀ ਜ਼ਬਾਂ ਸੇ ਕਭੀ ਨਾਂ ਨਿਕਲੀ ਥੀ ਯਕ-ਬਾਤ ਬੇ ਹਯਾਈ ਮੇਂ ।
ਤੱਸ਼ਖ਼ੁਸ[39] ਭੀ ਤੇਰਾ ਖ਼ੂਬ ਥਾ ਲਿਬਾਸ ਮੇਂ ਨਫ਼ਾਸਤ ਥੀ ।
ਹਲੀਮੀ ਅਦਬ ਰਵਾਦਾਰੀ ਥੀ ਕੁਛ ਯੇਹੀ ਤੇਰੀ ਵਿਰਾਸਤ ਥੀ ॥
ਆਫ਼ਰੀਨ ਤੇਰੀ ਮਾਂ ਕੋ ਆਫ਼ਰੀਨ ਤੇਰੇ ਬਾਪ ਕੋ ।
ਮੇਰਾ ਫ਼ਰਸ਼ੀ-ਸਲਾਮ[40] ਉਨ ਕੋ ਜਿਨਹੋਂ ਜਨਮ ਦੀਆ ਆਪਕੋ ॥
ਜਬ ਮੁਸੱਰਤ[41] ਇਤਨੀ ਦੀ ਤੂ ਨੇ ਹਮਕੋ ਕਿਉਂ ਤੁਮ ਪੇ ਮੈਂ ਫ਼ਿਦਾ[42] ਨਾ ਹੂਆ ?
ਯੈ ਬਖ਼ੀਲੀ[43] ਸ਼ਿਦਤ[44] ਕੀ ਹੂਈ ਹਮਸੇ : ਕਿ ਹੱਕ ਅਦਾ ਨਾ ਹੂਆ ।

"ਐ ਚਾਂਦ ਭਾਈ ਚਾਂਦ ਤੇਰੀ ਰੋਸ਼ਨੀ ਕਿਆ ਅਜਬ ਥੀ ?
ਕੋਇਲ ਭੀ ਸ਼ੁਮਿੰਦਾ ਥੀ ਗਲੂ-ਕਾਰੀ ਤੇਰੀ ਗ਼ਜ਼ਬ ਥੀ ॥"

ਤੇਰੇ ਮੁਰਸ਼ਦ ਥੇ ਭਾਈ ਲਾਲ ਜੋ ਵੋਹ ਉਸਤਾਦੋਂ ਕੇ ਉਸਤਾਦ ਥੇ ।
ਸਭ ਮਾਨਤੇ ਥੇ ਲੋਹਾ ਉਨਕਾ ਖ਼ਵਾਹ[45] ਸ਼ਾਗਿਰਦ ਥੇ ਉਸਤਾਦ ਥੇ ॥
ਗੋ ਫ਼ਖ਼ਰੇ-ਪੰਜਾਬ ਲੱਕਬ[46] ਥਾ ਤਾਹਮ[47] ਤੱਬਾ[48] ਕੇ ਬਹੁਤ ਹਲੀਮ ਥੇ ।
ਥੀ ਜ਼ਿੰਦਗੀ ਮੇਂ ਸਾਦਗੀ ਇਖ਼ਲਾਕ ਮੇਂ ਹੁਸੀਂ[49] ਥੇ ॥
ਤੇਰੀ ਮਰਗ[50] ਕੀ ਅੱਵਲ-ਆਗਾਹੀ[51] ਉਨਹੋਂਨੇ ਹੀ ਮੁਝੇ ਤਹਿਰੀਰ[52] ਕੀ ।
ਯੇਹ ਬੰਦਾ ਨਵਾਜ਼ੀ ਥੀ ਉਨਕੀ ਕਿਆ ਕੀਮਤ ਥੀ ਨਾ ਚੀਜ਼ ਕੀ ?
ਬੇ-ਤਅਸੁਬ[53] ਥੇ ਖ਼ਲੂਸੇ[54] ਦਿਲ ਸੇ ਵੋਹ : ਇਲਮ ਦੋਸਤੋਂ ਕੇ ਯਾਰ ਥੇ ।
ਪੰਡਿਤ ਭਾਸਕਰ ਕੋ ਮੁਰਸ਼ਦ ਮਾਂਨਾਂ ਵੋਹ ਹੱਕ [55] ਕੇ ਪੈਰੋਕਾਰ ਥੇ ॥

(ਪਾਠਕ ਸੱਜਣ ਹੇਠ ਲਿਖੇ ਸ਼ੇਅਰ ਵਲ ਥੋੜਾ ਖਾਸ ਧਿਆਨ ਦੇਣ ਯਾਨੀ ਦਾਸ ਦਾ ਸਵਰਗਵਾਸੀ ਭਾਈ ਚਾਂਦ ਜੀ ਨਾਲ ਇਕ ਵਿਸ਼ੇਸ਼ ਸ਼ਿਕਵਾ ਸ਼ਕਾਇਤ)

"ਕੂਚ ਕਰ ਗਏ ਯੂੰ ਆਪ ਇਤਨੀ ਇਜਲਤ[56] : ਮੇਂ ਕਿਆ ਹਮਨੇ ਯਹਾਂ ਦਾਇਮ[57] ਰਹਨਾ ਥਾ ?
ਚੰਦ-ਰੋਜ਼[58] ਕੀ ਯੇਹ ਮੈਹਫ਼ਲ ਥੀ ਕੁਛ ਸੁਨਨਾ ਥਾ ਕੁਛ ਕਹਨਾਂ ਥਾ ॥
ਸਾਦਾ ਸਿੰਪਲ ਗਾਇਕੀ ਤੋ ਤੂ ਕਭੀ ਭੀ ਨਹੀਂ ਗਾਤਾ ਥਾ ।

ਗਲੇ ਕੀ ਕਈ ਹਰਕਾਤ ਸੇ ਤੂ ਕਲਾਮ ਕੋ ਖ਼ੂਬ ਘੁਮਾਤਾ ਥਾ ॥
ਫ਼ਲਕ-ਸ਼ਗਾਫ਼[59] ਆਵਾਜ਼ ਥੀ ਤੇਰੀ ਤੂ ਤਬਲੇ ਕਾ ਭੀ ਮਾਹਿਰ ਥਾ ।
ਯੇਹ ਕਹਨੇ ਕੀ ਕੋਈ ਬਾਤ ਨਹੀਂ ਤੇਰੇ ਕਾਮ ਸੇ ਸਭ ਕੁਛ ਜ਼ਾਹਿਰ ਥਾ ॥
ਮੁਕੱਰਰਾ[60] ਵਕਤ ਮੇਂ ਪੂਰਾ ਕਾਮ ਨਿਭਾਨਾਂ ਯੇਹ ਤੁਮਕੋ ਹੀ ਬਸ ਆਤਾ ਥਾ ।
ਚੰਦ ਮਿੰਟ ਤੁਝੇ ਜੋ ਸੁਨਤਾ ਥਾ ਉਸ ਪੱਲੇ ਕੁਛ ਪੜ ਜਾਤਾ ਥਾ ॥
ਅਪਨੀ ਕਾਰਗੁਜ਼ਾਰੀ ਮੇ ਤੂ ਖੁਦ ਭੀ ਮੁਸੱਰਤ ਲੇਤਾ ਥਾ ।
ਗਰ ਜਾਂ ਹਲਾਲ ਤੂ ਕਰਤਾ ਥਾ ਤੋ ਲੋਗੋਂ ਕੋ ਕੁਛ ਦੇਤਾ ਥਾ ॥
ਹਮ ਤੋ ਥੇ ਮੈਹਜ਼ ਸਾਦਾ-ਸਾਮੇਅ ਆਪ ਅਜਬ ਖ਼ੁਸ਼-ਬਯਾਨ[62] ਥੇ ।
ਗਰ ਹਮ ਨਿਮਾਜ਼ੀ[63]-ਆਮ ਥੇ ਆਪ ਤੋ ਖ਼ਾਸ ਇਮਾਮ[64] ਥੇ ।
ਥੀਂ ਬੀਸੀਓਂ ਖ਼ੂਬੀਆਂ ਤੁਝ ਮੇਂ ਜੋ ਯੇ ਸਭ ਅੱਲਾ ਕੇ ਫ਼ਜ਼ਾਇਲ[65] ਥੇ ।
ਨਾ ਥੀ ਤੇਰੇ ਬਸ ਕੀ ਬਾਤ ਯੇਹ ਪਿਆਰੇ ਤੇਰੇ ਜ਼ੁਮਾਂ ਮੈਹਜ਼ ਫ਼ਰਾਇਜ਼[66] ਥੇ ।
ਜੰਨਤ-ਨਸੀਬ ਤੂ ਹੂਆ ਜੰਨਤ-ਨਸੀਬ ਵੋਹ[66-A] ਹੂਏ ।
ਰੈਹ ਗਈ ਅਬ ਯਾਦ ਬਾਕੀ ਹਮ ਮੈਹਜ਼ ਕਿੱਸਾ-ਗੋ[67] ਹੂਏ ॥
ਆਪ ਤੋ ਹੂਏ ਸੁਰਖ਼ਰੂ ਮਰ ਕਰ ਓਰ ਜੰਨਤ-ਨਸੀਬ ਹੋ ਗਏ ।
ਇਧਰ ਹਮ ਹੈਂ ਜੋ ਤੇਰੀ ਯਾਦ ਮੇਂ ਬਸ ਦਾਇਮੀ[68] ਮਰੀਜ਼ ਹੋ ਗਏ ।

## ਉਪਰ ਲਿਖੇ ਉਰਦੂ ਫ਼ਾਰਸੀ ਅਰਬੀ ਔਖੇ ਲਫ਼ਜ਼ਾਂ ਦਾ ਭਾਵ

1. ਗਾਇਕੀ 2. ਬੇ-ਆਰਾਮ 3. ਬੇ-ਮਿਸਾਲ 4. ਸਪੈਸ਼ਲ ਤੌਰ ਤਰੀਕਾ ਤਰਜ਼ੇ ਕਲਾਮ 5. ਪੌਲ, ਘਾਟ 6. ਹੁਣ ਤਕ 7. ਦੀਵਾਨਾ 8. ਸੰਗੀਤ ਕਾਰ ਅਤੇ ਬੁਲਾਰੇ 9. ਕੈਹਣ-ਗਾਉਣ ਦਾ ਤਰੀਕਾ 10. ਕਬਰ 11. ਸੰਸਾਰ ਬਣਨ ਸਮੇਂ ਤੋਂ ਹੀ 12. ਜਨਮ-ਪਤਰੀ ਦੇ ਗ੍ਰਿਹ 13. ਜਾਨ 14. ਮੱਥਾ 15. ਭਾਵੇਂ 16. ਬੇ-ਹਦ 17. ਗੜੇ ਵਸਣੇ ਆਸਮਾਨ ਤੋਂ 18. ਸਿਰਫ਼ 19. ਕਲਾ ਹੁਨਰ ਦੀ ਲਾਜ ਰਖਨੀ 20. ਸਮੇਂ ਅਤੇ ਵਾਯੂ-ਮੰਡਲ ਨੂੰ ਪਛਾਣ ਜਾਣਾ 21. ਗੁਰਬਾਣੀ 22. ਮਜ਼ਮੂਨ 23. ਰਾਗ 24. ਸੁੱਤਾ 25. ਖਜ਼ਾਨਾ 26. ਉਚਾਰਨ 27. ਤਰੀਕਾ-ਸਲੀਕਾ 28. ਪ੍ਰਮਾਣ ਦਰ ਪ੍ਰਮਾਣ 29. ਤਾਰੀਫ਼-ਬਖ਼ਸ਼ਿਸ਼ 30. ਹਮੇਸ਼ਾਂ 31. ਗੁਰਬਾਣੀ ਦੇ ਨਾਲ ਨਾਲ 32. ਪੂਰੇ ਜ਼ੋਰ ਨਾਲ ਤਾਨਾਂ ਪਲਟੇ ਲਗਾਏ 33. ਆਲਮ ਕੀਤਾ : ਅਵਾਜ਼ਾਂ ਲਗਾਈਆਂ, ਉਪਦੇਸ਼ ਦਿਤਾ ॥ 34. ਛਿਨ-ਛਿਨ, ਪਲ-ਪਲ 35. ਪਯਾਸ : ਤਰੇਹ 36. ਬੋਰ ਨਹੀਂ ਸੀ ਹੁੰਦਾ : ਤੰਗ ਨਹੀਂ ਪੈਂਦਾਂ 37. ਲਯਾਕਤ : ਕਾਬਲੀਅਤ 38. ਬੋਲ-ਚਾਲ 39. ਪ੍ਰਸਨੈਲਟੀ 40. ਡੰਡੌਤ ਬੰਦਨਾਂ ਕਰਨਾ ਭੁੰਜੇ ਲੇਟ ਕੇ ਨਮਸ਼ਕਾਰ ਕਰਨਾ 41. ਖੁਸ਼ੀ 42. ਕੁਰਬਾਨ 43. ਕੰਜੂਸੀ : ਥੋੜ-ਦਿਲੀ 44. ਜ਼ੋਰਦਾਰ ਹਦੋਂ ਵਧ 45. ਭਾਵੇਂ 46. ਖ਼ਿਤਾਬ 47. ਫਿਰ-ਭੀ 48. ਤਬੀਅਤ 49. ਖ਼ੂਬ-ਸੂਰਤ 50. ਮੌਤ

51. ਜਾਣਕਾਰੀ 52. ਲਿਖੀ 53. ਬਗੈਰ ਪਕਸ਼ ਪਾਤ ਵਾਲੇ 54. ਸੱਚੇ ਦਿਲ ਨਾਲ 55. ਸਚਾਈ (ਸੱਚ) 56. (ਇਜ਼ਲਤ ਯਾ ਅਜਲਤ) ਯਾਨੀ ਲੋੜੋਂ ਵਧ ਕਾਹਲੀ 57. ਕੀ ਅਸੀਂ ਕੋਈ ਹਮੇਸ਼ਾਂ ਜੀਉਣ ਲਈ ਧੁਰੋਂ ਉਮਰ ਪੱਟਾ ਲਿਖਾ ਕੇ ਆਏ ਸਾਂ ? 58. ਸਿਰਫ ਕੁਝ ਦਿਨਾਂ ਦੀ ਸੁਹਬਤ ਯਾ ਸੰਗਤ ਸੀ 59. ਆਸਮਾਨ ਪਾੜੂ 60. ਗਿਣਿਆ ਮਿਥਿਆ ਵਕਤ 61. ਇਕ ਆਮ ਸ੍ਰੋਤਾ 62. ਉਮਦਾ ਗੁਫਤਗੂ ਕਰਨ ਵਾਲਾ 63. ਅਸੀਂ ਲੋਕ ਭਾਵੇਂ ਆਮ ਨਿਮਾਜ਼ੀ ਹੀ ਸਾਂ ਯਾਨੀ ਪ੍ਰੇਮਾ ਭਗਤੀ ਦੇ ਵਿਦਯਾਰਥੀ 64. ਪਰ ਤੁਸੀਂ ਤਾਂ ਸਾਰੀ ਸੰਗਤ ਯਾ ਇਕੱਠ ਨੂੰ ਉਪਦੇਸ਼ ਗਾ ਵਜਾ ਕੇ ਸੁਨਾਣ ਵਾਲੇ ਮਹਾਨ ਇਮਾਮ ਸੋ 65. ਰੱਬ ਦੀਆਂ ਬਖਸ਼ਿਸ਼ਾਂ ਮੇਹਰ-ਬਾਨੀਆਂ ਸਨ ਸਭ 66 ਤੇਰੇ ਜ਼ੁਮੇ ਤਾਂ ਇਹ ਪ੍ਰਭੂ ਵਲੋਂ ਡਿਯੂਟੀ ਹੀ ਲੱਗੀ ਸੀ ਕਿ ਪੂਰਾ ਰਸ ਭਰਿਆ ਸ਼ਬਦ ਕੀਰਤਨ ਸੰਗਤ ਨੂੰ ਗਾ ਵਜਾ ਕੇ ਸੁਣਾਂਦੇ ਰਹੋ ਯਾਨੀ ਆਪ ਜੀ ਨੂੰ ਤਾਂ ਵਾਹਿਗੁਰੂ ਨੇ ਵਿਚ ਨਮਿਤ ਹੀ ਥਾਪਿਆ ਸੀ "ਨਦਰਿ ਕਰੇ ਜੇ ਆਪਣੀ ਤਾਂ ਨਦਰਿ ਹੇਠ ਚਲਾਇਦਾ ਆਪੇ ਦੇ ਵਡਿਆਈਆਂ ਆਪੇ ਹੀ ਕਰਮ ਕਰਾਇਦਾ ।" 66A. ਭਾਈ ਲਾਲ ਜੀ ਮਰਹੂਮ 67. ਕਹਾਣੀਕਾਰ ਦਾਸਤਾਨਾਂ ਸੁਨਾਣ ਵਾਲੇ 68. ਹਮੇਸ਼ਾ ਜੀਵਨ ਭਰ ਦੇ ਰੋਗੀ ।

---

(ਸਫਾ 16 ਦੀ ਬਾਕੀ)

ਪਟਿਆਲੇ ਤੋਂ ਜਲੰਧਰ ਆਪਦੇ ਗ੍ਰਹਿ ਅਸਥਾਨ ਬਬਾਨ ਪਹੁੰਚਾਇਆ ਗਿਆ । ਕਈ ਸੰਗਤਾਂ ਬਬਾਨ ਨਾਲ ਆਈਆਂ ।

ਸਸਕਾਰ ਸਮੇਂ ਹਜ਼ਾਰਾਂ ਸੰਗਤਾਂ ਨੇ ਅੰਤਿਮ ਦਰਸ਼ਨ ਕੀਤੇ । ਭੋਗ ਸਮੇਂ ਆਖੰਡ ਪਾਠ ਸਾਹਿਬ ਦੀ ਸਮਾਪਤੀ ਵੇਲੇ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਅੰਮ੍ਰਿਤਸਰ ਤੋਂ ਵਿਸ਼ੇਸ਼ ਕਰਕੇ ਪਹੁੰਚੇ । ਬਾਬਾ ਜਗਜੀਤ ਸਿੰਘ ਜੀ ਭੈਣੀ ਸਾਹਿਬ ਤੋਂ ਆਏ । ਅਨੇਕਾਂ ਸੰਗਤਾਂ ਅੰਤਿਮ ਅਰਦਾਸ ਵਿਚ ਹਾਜ਼ਰ ਹੋਈਆਂ । ਰਾਗੀ ਜਥੇ ਭਾਈ ਸੰਤਾ ਸਿੰਘ ਚਮਕ, ਭਾਈ ਬਹਾਦਰ ਸਿੰਘ, ਭਾਈ ਮੁਨਸ਼ਾ ਸਿੰਘ ਅਤੇ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਏ ।

ਆਪ ਜੀ ਦੀ ਆਯੂ 52 ਸਾਲ ਦੀ ਸੀ । ਹਰ ਸਾਲ 24 ਜੂਨ ਨੂੰ ਆਪ ਦੇ ਪਰਿਵਾਰ ਵਲੋਂ ਆਪ ਦੀ ਬਰਸੀ ਮਨਾਈ ਜਾਂਦੀ ਹੈ । ਇਸ ਬਰਸੀ ਵਿਚ ਰਾਗ ਦਰਬਾਰ ਰੱਖਿਆ ਜਾਂਦਾ ਹੈ । ਹੁਣ ਇਨ੍ਹਾਂ ਦੀ ਜਗ੍ਹਾ ਇਨ੍ਹਾਂ ਦੇ ਪੁੱਤਰ ਭਾਈ ਸਾਹਿਬ ਹਰਜੀਤ ਸਿੰਘ ਅਮਰੀਕ ਸਿੰਘ 'ਤਾਨ' ਅਤੇ ਪੋਤਰੇ ਭਾਈ ਅਮਰਜੀਤ ਸਿੰਘ ਤਾਨ ਕੀਰਤਨ ਦੀ ਸੇਵਾ ਕਰ ਰਹੇ ਹਨ ।

—0—

# ਸੰਗੀਤਕ ਰਚਨਾਵਾਂ ਦੇ ਮੁਖ ਸਿਧਾਂਤ

ਪ੍ਰੋ. ਤਾਰਾ ਸਿੰਘ

ਉੱਤਮ ਵਾਗਯੇਕਾਰ (ਸੰਗੀਤ-ਅਚਾਰੀਆ) ਜਦੋਂ ਕਿਸੇ ਕਾਵਿ ਨੂੰ ਰਾਗਾਤਮਕ ਗੁਣਾਂ ਨਾਲ ਸਥਾਈ ਤੇ ਅੰਤਰੇ ਦੇ ਰੂਪ ਵਿਚ ਸੁਹਜਾਤਮਕ ਛੋਹਾਂ ਦੁਆਰਾ ਸੁਰ-ਤਾਲ-ਬੱਧ ਕਰਦਾ ਹੈ, ਜੋ ਸਾਧਾਰਣ ਸੰਗੀਤ ਪ੍ਰੇਮੀ ਤੇ ਮਰਮੱਗ ਸਰੋਤੇ ਦੇ ਚਿੱਤ ਨੂੰ ਆਨੰਦ ਵਿਭੋਰ ਕਰੇ ਤਾਂ ਉਸ ਨੂੰ ਸੰਗੀਤ ਰਚਨਾ ਦੀ ਸੰਗਿਆ ਦਿੱਤੀ ਜਾ ਸਕਦੀ ਹੈ।

ਸਿੱਖਿਆ ਸ਼ਾਸਤਰੀ ਇਸ ਤੱਥ ਤੋਂ ਭਲੀਭਾਂਤ ਪਰੀਚਿਤ ਹਨ ਕਿ ਮਾਨਵ ਸਰੀਰ ਵਿਚ ਜੋ ਸਥਾਨ ਆਤਮਾਂ ਦਾ ਹੈ, ਭਾਰਤੀ ਸੰਗੀਤ ਵਿਚ ਉਹੋ ਹੀ ਸਥਾਨ ਰਾਗ ਦਾ ਹੈ ਕਿਉਂ ਜੋ ਸੰਗੀਤ ਭਵਨ ਦੀ ਨੀਂਹ ਰਾਗਾਂ ਤੇ ਹੀ ਅਧਾਰਤ ਹੈ।

ਵਰਤਮਾਨ ਸਮੇਂ ਅਨੇਕ ਪ੍ਰਚਲਿਤ ਤੇ ਨਵੀਨ ਰਾਗ ਪ੍ਰਚਾਰ ਵਿਚ ਆ ਰਹੇ ਹਨ। ਬਹੁਤ ਸਾਰੀਆਂ ਉਪਲੱਬਧ ਪੁਸਤਕਾਂ ਵਿਚ ਰਾਗ ਦਾ ਉਠਾਵ, ਚਲਨ ਆਦਿ ਪਰੀਚੈ ਤਾਂ ਪ੍ਰਾਪਤ ਹੁੰਦਾ ਹੈ ਪਰ ਰਾਗ ਦਾ ਵਿਧੀ ਪੂਰਵਕ ਵਿਸਤਾਰ ਸੁੰਦਰ ਸੁਰਾ ਵਾਲੀਆਂ, ਕਲਾਤਮਕ ਉਡਾਰੀਆਂ, ਹਿਰਦੇ ਸਪਰਸ਼ੀ ਸੁਰ ਲਗਾਵ ਬਾਰੇ ਅਧਿਐਨਕਾਰਾਂ ਨੂੰ ਉਨ੍ਹਾਂ ਤੋਂ ਵਿਸ਼ੇਸ਼ ਅਗਵਾਈ ਨਹੀਂ ਮਿਲਦੀ। ਇਸ ਲਈ ਕਿਸੇ ਦਿਨ ਜਟਿਲ ਰਾਗ ਦਾ ਪੂਰਣ ਬੋਧ ਪ੍ਰਾਪਤ ਕਰਨ ਲਈ ਗਾਇਕ ਜਾਂ ਵਾਦਕ ਨੂੰ ਕਿਸੇ ਪੁਰਾਤਨ ਖਾਨਦਾਨੀ ਬੰਦਿਸ਼ (ਰਚਨਾ) ਦਾ ਸਹਾਰਾ ਲੈਣਾ ਪੈਂਦਾ ਹੈ। ਮਹਾਨ ਤੇ ਅਨੁਭਵੀ ਕਲਾਕਾਰਾਂ ਦਾ ਇਹ ਕਥਨ ਸੌ ਫੀ ਸਦੀ ਸੱਚ ਹੈ ਕਿ "ਬੰਦਿਸ਼ ਆਪਣੇ ਸਮੇਂ ਦੇ ਸੰਗੀਤ ਦਾ ਦਰਪਣ ਹੁੰਦੀ ਹੈ ਜਿਸ ਤੋਂ ਉਸ ਕਾਲ ਦੇ ਸਮੁੱਚੇ ਰਾਗਾਤਮਕ ਗੁਣਾਂ ਦਾ ਦਿਗ ਦਰਸ਼ਨ ਹੁੰਦਾ ਹੈ।" ਇਸ ਤੋਂ ਸਪੱਸ਼ਟ ਹੈ ਕਿ ਬੰਦਿਸ਼ ਜਾਂ ਰਚਨਾ ਭਾਰਤੀ ਸੰਗੀਤ ਦੇ ਰਾਗਾਤਮਕ ਖੇਤਰ ਵਿਚ ਕਿਤਨੀ ਮਹੱਤਵ ਪੂਰਣ ਭੂਮਿਕਾ ਨਿਭਾਉਂਦੀ ਹੈ।

ਪਟਿਆਲੇ ਘਰਾਣੇ ਦੇ ਲਾਸਾਨੀ ਕਲਾਕਾਰ ਉਸਤਾਦ ਬੜੇ ਗੁਲਾਮ ਅਲੀ ਖਾਂ ਜਦੋਂ ਵੀ ਕਿਸੇ ਬੰਦਿਸ਼ ਵਿਚ "ਸਦਾਰੰਗ" ਦਾ ਨਾਂ ਸੁਣਦੇ ਸਨ ਤਾਂ ਉਹ ਵਜਦ ਵਿਚ ਆ ਕੇ ਅਦਬ ਵਜੋਂ ਕੰਨਾਂ ਨੂੰ ਹੱਥ ਲਗਾ ਕੇ 'ਸੁਬਹਾਨ ਅੱਲਾ' ਕਿਹਾ ਕਰਦੇ ਸਨ। ਇਸ ਤੋਂ ਜ਼ਾਹਿਰ ਹੈ ਕਿ ਖਿਆਲ ਗਾਇਨ ਦੇ ਸਿਰਜਣਹਾਰ ਸ਼ਾਹ ਸਦਾਰੰਗ ਪ੍ਰਤੀ ਉਨਾਂ ਦੇ ਮਨ ਵਿਚ ਕਿਤਨਾ ਅਦਬ ਤੇ ਸਤਿਕਾਰ ਸੀ।

ਸਾਧਾਰਣ ਤੌਰ ਤੇ ਸੰਗੀਤ ਨੂੰ ਇਕ ਕ੍ਰਿਆਤਮਕ ਕਲਾ ਦੇ ਤੌਰ ਤੇ ਹੀ ਜਾਣਿਆ ਤੇ ਪਛਾਣਿਆਂ ਜਾਂਦਾ ਹੈ ਪਰ ਇਸ ਦੇ ਸ਼ਾਸਤਰ ਪੱਖ ਦਾ ਵੀ ਇਸ ਵਿਚ ਮਹੱਤਵ ਪੂਰਣ ਸਥਾਨ ਹੈ।

ਨਾ ਕੇਵਲ ਸੰਗੀਤ ਵਿਸ਼ੇ ਵਿਚ ਹੀ ਸਗੋਂ ਹਰੇਕ ਕਲਾ ਦੀਆਂ ਗਹਿਰਾਈਆਂ ਤੱਕ ਪੁੱਜਣ ਲਈ ਅਲੌਕਿਕ ਬੁੱਧੀ, ਸਿਰਜਨਾਤਮਕ ਪ੍ਰਤਿਭਾ, ਉੱਚ ਪੱਧਰੀ ਸਿੱਖਿਆ, ਦੀਰਘ

ਅਨੁਭਵ ਤੇ ਅਧਿਐਨ, ਅਵਿਰਲ ਅਭਿਆਸ ਅਥਾਹ ਪ੍ਰੇਮ, ਸ਼ਰਧਾ ਪੂਰਵਕ ਲਗਾਉ, ਕਠਿਨ ਤਪੱਸਿਆ ਤੇ ਸਾਧਨਾ ਆਦਿ ਅਨੇਕਾਂ ਗੁਣਾਂ ਦੀ ਲੋੜ ਹੁੰਦੀ ਹੈ।

ਜਿਵੇਂ ਫੁੱਲ ਦਾ ਜੋਬਨ ਤੇ ਉਸਦੀ ਖੁਸ਼ਬੂ, ਦਰਪਣ ਵਿਚ ਛਾਇਆ ਤੇ ਉਸਦੀ ਸੁੰਦਰਤਾ, ਊਸ਼ਾ ਦੀ ਲਾਲੀ ਤੇ ਪ੍ਰਭਾਤ ਸਮੇਂ ਸੋਨ ਸੁਨਹਰੀ ਕਿਰਣਾਂ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਬਿਆਨ ਨਹੀਂ। ਇਸੇ ਤਰ੍ਹਾਂ ਹੀ ਸੰਗੀਤ ਕਲਾ ਦੇ ਰਸ, ਆਨੰਦ ਤੇ ਅਨੁਭਵ ਨੂੰ ਵਿਸ਼ੇਸ਼ ਕਰਕੇ ਕ੍ਰਿਆਤਮਕ ਪੱਖ ਨੂੰ ਕਾਗਜ਼ ਤੇ ਕਲਮ ਦੁਆਰਾ ਚਿਤਰਨਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਪਰ ਨਵ-ਸਿਖਾਂਦਰੂਆਂ ਤੇ ਅਧਿਐਨਕਾਰਾਂ ਲਈ ਕਿਸੇ ਵਿਸ਼ੇ ਦਾ ਬੋਧ ਕਰਵਾਉਣ ਲਈ ਕੋਈ ਨਾ ਕੋਈ ਰੂਪ ਰੇਖਾ ਉਲੀਕਣੀ ਹੀ ਪੈਂਦੀ ਹੈ। ਇਸ ਉਦੇਸ਼ ਨੂੰ ਮੁੱਖ ਰੱਖਕੇ ਸੰਗੀਤਕ ਰਚਨਾਵਾਂ ਦੇ ਕੁਝ ਮੁਢਲੇ ਨਿਯਮਾਂ ਬਾਰੇ ਸੰਖੇਪ ਵਿਚ ਚਰਚਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

1. ਨਾਇਕ ਜਾਂ ਗਾਇਕ ਨੂੰ ਸਭ ਤੋਂ ਪ੍ਰਮੁੱਖ ਇਹ ਨਿਯਮ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਉਸ ਨੇ ਸੰਗੀਤ ਦੀ ਕਿਸ ਗਾਇਨ ਵਿਧਾ (ਸ਼ੈਲੀ) ਦੀ ਰਚਨਾ ਕਰਨੀ ਹੈ। ਉੱਤਰ ਭਾਰਤੀ ਸੰਗੀਤ ਵਿਚ ਅਨੇਕ ਗਾਇਨ ਸ਼ੈਲੀਆਂ ਪ੍ਰਚਲਿਤ ਹਨ। ਪਰ ਵਰਤਮਾਨ ਵਿਚ ਧਰੁਪਦ, ਧਮਾਰ, ਖਿਆਲ, ਪੜਤਾਲ, ਰਾਗ ਮਾਲਾ, ਟੱਪਾ, ਚਤੁਰੰਗ ਤ੍ਰਿਵਟ, ਤਰਾਨਾ, ਠੁਮਰੀ, ਸਾਦਰਾ, ਦਾਦਰਾ ਆਦਿ ਵਧੇਰੇ ਪ੍ਰਚਾਰ ਵਿਚ ਹਨ। ਇਨ੍ਹਾਂ ਸ਼ੈਲੀਆਂ ਤੇ ਇਨ੍ਹਾਂ ਦੇ ਤਕਨੀਕੀ ਪੱਖ ਦਾ ਸੁਰ-ਰਚਨਾਕਾਰ ਨੂੰ ਪੂਰਨ ਬੋਧ ਹੋਣਾ ਆਵੱਸ਼ਕ ਹੀ ਨਹੀਂ ਸਗੋਂ ਲਾਜ਼ਮੀ ਹੈ।

2. ਸੰਪੂਰਨ ਸਰਲ ਤੇ ਪ੍ਰਚਲਿਤ ਰਾਗਾਂ ਵਿਚ ਰਚਨਾ ਕਰਨਾ ਇਤਨਾ ਕਠਿਨ ਨਹੀਂ ਜਿਤਨਾ ਕਿ ਵਕਰ, ਜਟਿਲ ਤੇ ਪ੍ਰਚਲਿਤ ਰਾਗ ਵਿਚ ਇਸ ਲਈ ਕਿਸੇ ਗੀਤ ਨੂੰ ਸੁਰ-ਤਾਲ ਬੱਧ ਕਰਨ ਤੋਂ ਪਹਿਲਾਂ ਰਾਗ ਦਾ ਪੂਰਨ ਵੇਰਵਾ ਚੰਗੀ ਤਰ੍ਹਾਂ ਘੋਖ ਲੈਣਾ ਚਾਹੀਦਾ ਹੈ।

3. ਕਿਸੇ ਰਾਗ ਵਿਚ ਰਚਨਾ ਕਰਨ ਲਈ ਨਿਮਨ ਲਿਖਤ ਸਿਧਾਂਤਾਂ ਦੀ ਪਾਲਨਾ ਕਰਨਾ ਅਤਿ ਆਵਸ਼ੱਕ ਹੈ, ਉਹ ਸਿਧਾਂਤ ਹਨ – ਰਾਗ ਵਿਚ ਲੱਗਣ ਵਾਲੇ ਸੁਰ, ਥਾਟ, ਜਾਤੀ, ਆਰੋਹ-ਅਵਰੋਹ, ਵਾਦੀ-ਸੰਵਾਦੀ, ਅੰਗ ਪ੍ਰਧਾਨ, ਵਿਸ਼ੇਸ਼ ਸੁਰਾਵਲੀਆ, ਮਿਸ਼ਰਣ ਵਰਜਿਤ, ਨਿਆਸ ਦੇ ਸੁਰ, ਦੁਰਬਲ ਸੁਰ, ਪਰਬਲ ਸੁਰ, ਵਖਰਤੱਵ, ਮੁਠਾ ਅੰਗ, ਉਠਾਵ, ਮੰਦਰ, ਮੱਧ ਤੇ ਤਾਰ ਸਥਾਨ, ਸਾਧਾਰਨ ਚਲਨ, ਸਥਾਈ ਤੇ ਅੰਤਰੇ ਦਾ ਉਠਾਵ ਤੇ ਉਨ੍ਹਾਂ ਦਾ ਪ੍ਰਸਪਰ ਮਿਲਾਨ, ਰਾਗ ਦੀ ਪ੍ਰਕ੍ਰਿਤੀ, ਵਿਸਤਾਰ ਖੇਤਰ, ਸਮਾਂ ਸਿਧਾਂਤ, ਰਿਤੂਕਾਲੀਨ ਰਾਗ, ਸਮ ਪ੍ਰਕ੍ਰਿਤਕ ਰਾਗ ਆਦਿ ਤੱਥਾਂ ਨੂੰ ਪੂਰਨ ਤੌਰ ਤੇ ਧਿਆਨ ਗੋਚਰ ਰੱਖ ਕੇ ਕਿਸੇ ਕਲਾ ਕ੍ਰਿਤੀ ਨੂੰ ਰਾਗਾਤਮਕ ਰੰਜਕਤਾ ਦੁਆਰਾ ਰਸਾਤਮਕਤਾ ਪ੍ਰਦਾਨ ਕੀਤੀ ਜਾ ਸਕਦੀ ਹੈ।

4. ਸਮੁੱਚੀ ਰਚਨਾ ਸੰਗੀਤ ਦੀਆਂ ਗੁਣਾਤਮਕ ਵਿਸ਼ੇਸ਼ਤਾਵਾਂ ਨਾਲ ਓਤ-ਪ੍ਰੋਤ ਹੋਣੀ ਚਾਹੀਦੀ ਹੈ। ਉਸ ਦੇ ਸ਼ਬਦ ਤੇ ਸੁਰਾਂ ਵਿਚ ਅਜਿਹਾ ਸੁੰਦਰ ਸੁਮੇਲ ਹੋਵੇ ਜੋ ਕਲਾ-

ਪਾਰਖੂਆਂ ਦੇ ਦਿਲ ਦੀਆਂ ਡੂੰਘਾਣਾ ਨੂੰ ਸਹਿਜੇ ਹੀ ਜਾ ਟੁੰਬੇ। ਰਚਨਾ ਵਿਚ ਕਣ, ਮੀਂਡ, ਮੁਰਕੀ, ਖਟਕਾ, ਗਮਕ ਆਦਿ ਆਭੂਸ਼ਣਾਂ ਦੀ ਅਤਿਅੰਤ ਕਲਾਤਮਕ ਢੰਗ ਨਾਲ ਵਰਤੋਂ ਕੀਤੀ ਗਈ ਹੋਵੇ। ਉਕਤ ਕ੍ਰਿਆਵਾਂ ਸੰਗੀਤ ਮਾਹਿਰਾਂ ਨੂੰ ਓਪਰੀਆਂ, ਉਧਾਰੀਆਂ ਜਾਂ ਧਿੰਗੋਜੋਰੀ ਠੋਸੀਆਂ ਨਾ ਜਾਪਣ, ਸਗੋਂ ਰਚਨਾ ਦੇ ਪ੍ਰਭਾਵ ਤੇ ਰਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਹਿਤ ਸਹਾਈ ਹੋਣ ਜਿਨ੍ਹਾਂ ਦੇ ਪ੍ਰਯੋਗ ਦੁਆਰਾ ਸੰਪੂਰਨ ਰਚਨਾ ਰਸਾਤਮਕ ਪ੍ਰਤੀਤ ਹੋਵੇ।

5. ਸੁਰ ਰਚਨਾਕਾਰ ਨੂੰ ਸਾਹਿਤ ਸ਼ਾਸਤਰ ਦਾ ਵੀ ਗਿਆਨ ਹੋਣਾ ਬੜਾ ਜ਼ਰੂਰੀ ਹੈ। ਅਰਥਾਤ ਉਸ ਨੂੰ ਭਾਸ਼ਾ, ਵਿਆਕਰਣ, ਛੰਦ, ਰਸ ਤੇ ਆਲੰਕਾਰਾਂ ਦਾ ਚੰਗਾ ਬੋਧ ਹੋਵੇ ਤਦ ਹੀ ਉਹ ਸੁੰਦਰ ਬੰਦਿਸ਼ ਰਚਣ ਦੇ ਸਮਰੱਥ ਹੋ ਸਕੇਗਾ।

6. ਬੰਦਿਸ਼ਕਾਰ ਸੰਗੀਤ ਕਲਾ ਦੇ ਕ੍ਰਿਆਤਮਕ ਤੇ ਸਿਧਾਂਤਕ ਵਿਸ਼ਿਆਂ ਤੇ ਪੂਰਣ ਅਧਿਕਾਰ ਰੱਖਦਾ ਹੋਵੇ।

7. ਨਾਇਕ ਜਾਂ ਰਚਨਾਕਾਰ ਲਈ ਗਾਇਨ, ਵਾਦਨ ਤੇ ਵਿਭਿੰਨ ਲੈਯ ਕਾਰੀਆਂ ਵਿਚ ਨਿਪੁੰਨ ਹੋਣਾ ਲਾਜ਼ਮੀ ਹੈ।

8. ਬੰਦਿਸ਼ਕਾਰ ਭਾਰਤ ਦੀ ਭੂਗੋਲਿਕ ਪ੍ਰਕ੍ਰਿਤੀ ਤੇ ਹਰ ਪ੍ਰਾਂਤ ਦੇ ਰੀਤੀ ਰਿਵਾਜਾਂ ਤੋਂ ਭਲੀ ਭਾਂਤ ਪਰੀਚਿਤ ਹੋਵੇ।

9. ਵਰਤਮਾਨ ਸਮੇਂ ਅਜਿਹੀਆਂ ਬੰਦਸ਼ਾਂ ਆਮ ਹੀ ਕੰਨ ਗੋਚਰ ਹੁੰਦੀਆਂ ਹਨ ਜਿਨ੍ਹਾਂ ਵਿਚ ਰਾਗਾਤਮਕ ਗੁਣਾਂ ਨੂੰ ਬੜੀ ਪ੍ਰਬੀਨਤਾ ਨਾਲ ਸੰਜੋਇਆ ਹੁੰਦਾ ਹੈ, ਪਰ ਭਾਰਤ ਦੇ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਉਹ ਬਿਲਕੁਲ ਹੀ ਉਲਟ ਹਨ। ਉਦਾਹਰਣ ਵਜੋਂ ਦਿਨ ਦੇ ਰਾਗ ਮੀਆਂ ਦੀ ਸਾਰੰਗ ਵਿਚ ਇਕ ਬੰਦਿਸ਼ ਦੇ ਬੋਲ ਹਨ "ਰੈਨ ਅੰਧੇਰੀ ਕਾਰੀ ਬਿਜਰੀ ਚਮਕੇ" ਜੋ ਗੌੜ ਸਾਰੰਗ, ਜਿਸ ਦਾ ਸਮਾਂ ਦਿਨ ਦੂਜਾ ਪਹਿਰ ਹੈ, ਵਿਚ ਇਕ ਰਚਨਾ ਇਸ ਪ੍ਰਕਾਰ ਹੈ: "ਛੇੜੋ ਨਾ ਨੀਂਦ ਮੋਰੀ ਉਟਕ ਜਾਤ। ਤੁਮ ਤੋ ਸਈਆਂ ਕਰਤ ਰਾਰ।" ਇਸ ਤਰ੍ਹਾਂ ਦੀਆਂ ਬੰਦਿਸ਼ਾਂ ਭਾਰਤੀ ਸੰਗੀਤ ਦੇ ਸਮੇਂ ਸਿਧਾਂਤ ਤੋਂ ਬੰਦਿਸ਼ਕਾਰ ਦਾ ਅਗਿਆਤ ਹੋਣਾ ਸੂਚਿਤ ਕਰਦੀਆਂ ਹਨ।

10. ਕਿਸੇ ਚੀਜ਼ ਨੂੰ ਸੁਰ-ਬੱਧ ਕਰਨ ਤੋਂ ਪਹਿਲਾਂ ਉਸ ਦੇ ਛੰਦ, ਰਸ, ਭਾਵ, ਤੋਲ-ਤੁਕਾਂਤ, ਵਿਰਾਮ, ਅਰਧ ਵਿਰਾਮ, ਪੂਰਣ ਵਿਰਾਮ, ਪ੍ਰਸ਼ਨ ਤੇ ਵਿਸਮਿਕ ਆਦਿ ਚਿੰਨ੍ਹਾਂ ਦੇ ਪੱਖ ਤੋਂ ਘੋਖਵਾਂ ਅਧਿਐਨ ਅਤਿ ਲੋੜੀਂਦਾ ਹੈ। ਬੰਦਿਸ਼ ਦਾ ਚਲਨ ਉਠਾਵ ਕਾਵਿ ਰਚਨਾ ਕਿਸ ਤਾਲ ਦੀ ਪ੍ਰਕ੍ਰਿਤੀ ਤੇ ਵਿਭਾਗਾਂ ਦੇ ਅਨੁਕੂਲ ਹੈ, ਸਮ ਦਾ ਸਥਾਨ ਕਿਸ ਸ਼ਬਦ ਤੇ ਵਧੇਰੇ ਸੁੰਦਰ ਪ੍ਰਤੀਤ ਹੋਵੇਗਾ ਆਦਿ ਪਹਿਲੂਆਂ ਤੇ ਪੂਰੀ ਤਰ੍ਹਾਂ ਨਜ਼ਰਸਾਨੀ ਕਰ ਲੈਣੀ ਚਾਹੀਦੀ ਹੈ।

ਕੁਝ ਕਾਵਿ ਰਚਨਾ ਦਾ ਵਜ਼ਨ ਜਾਂ ਤੋਲ ਇਕ ਤਾਲ ਦੇ ਵਧੇਰੇ ਨਿਕਟ ਹੁੰਦਾ ਹੈ ਤੇ ਕੁਝ ਤਿੰਨ ਤਾਲ, ਝਪਤਾਲ, ਸੂਲ ਜਾਂ ਹੋਰ ਤਾਲਾਂ ਦੇ। ਇਕ ਤਾਲ ਦੀ ਰਚਨਾਂ ਨੂੰ

ਤਿੰਨ ਤਾਲ ਵਿਚ ਸੁਰ-ਬੱਧ ਕੀਤਾ ਜਾਵੇ ਤਾਂ ਉਹ ਅਵੱਸ਼ ਹੀ ਭੱਦੀ ਤੇ ਕਰੂਪ ਜਾਪੇਗੀ। ਅਜਿਹਾ ਉਪਰਾਲਾ ਰਚਨਾਕਾਰ ਦੀ ਬਹੁਤ ਵੱਡੀ ਤਰੁੱਟੀ ਤੇ ਅਲਪੱਗਤਾ ਦਾ ਪ੍ਰਮਾਣ ਹੋਵੇਗਾ।

ਸੰਗੀਤਕ ਸੁਰ ਰਚਨਾਵਾਂ ਦੇ ਇਤਿਹਾਸ ਦੇ ਪਿਛੋਕੜ ਬਾਰੇ ਵਿਸਤ੍ਰਿਤ ਚਰਚਾ ਕਰਨਾ ਇਥੇ ਸੰਭਵ ਨਹੀਂ। ਉਨ੍ਹਾਂ ਦੇ ਮੁਖ ਲੱਛਣ, ਬਣਤਰ, ਵਿਉਂਤ ਤੇ ਸਿਰਜਣਾ ਦੇ ਸੰਬੰਧ ਵਿਚ ਕੁਝ ਸੰਕੇਤ ਕੀਤੇ ਗਏ ਹਨ ਜੋ ਸੰਗੀਤ ਪ੍ਰੇਮੀਆਂ ਪਾਠਕਾਂ ਤੇ ਸਿਖਿਆਰਥੀਆਂ ਨੂੰ ਸੇਧ ਪ੍ਰਦਾਨ ਕਰਨ ਵਿਚ ਕਾਫੀ ਸਹਾਇਕ ਸਿਧ ਹੋਣਗੇ।

ਉਪਰੋਕਤ ਲੱਛਣਾਂ ਦਾ ਦੀਰਘ ਦ੍ਰਿਸ਼ਟੀ ਨਾਲ ਘੋਖਵਾਂ ਅਧਿਐਨ ਕਰਨ ਵਾਲਾ ਸਾਧਕ ਭਵਿੱਖ ਵਿਚ ਇਕ ਸਫਲ ਸੁਰ ਰਚਨਾਕਾਰ ਬਣ ਸਕਦਾ ਹੈ। ਅਜਿਹਾ ਅਸੀਂ ਆਪਣੇ ਨਿੱਜੀ ਅਨੁਭਵ ਆਧਾਰ ਤੇ ਸੁਦ੍ਰਿੜ ਵਿਸ਼ਵਾਸ ਨਾਲ ਕਹਿ ਸਕਦੇ ਹਾਂ, ਲੋੜ ਹੈ ਨਿਰੰਤਰ ਅਭਿਆਸ ਦੀ।

— 0 —

# ਅੰਮ੍ਰਿਤ ਰਸ ਹਰਿ ਕੀਰਤਨੋ

ਭਾਈ ਕੁਲਵੰਤ ਸਿੰਘ 'ਚੰਦਨ', ਦਿੱਲੀ

ਇਸ ਸੰਸਾਰ ਵਿਚ ਲੋਕ ਆਪਣੇ ਆਪਣੇ ਤਰੀਕੇ ਅਨੁਸਾਰ ਸੰਗੀਤ ਨਾਲ ਸੰਬੰਧ ਰੱਖਦੇ ਹਨ। ਸਭ ਲੋਕ ਆਪਣੇ ਆਪਣੇ ਤਰੀਕੇ ਅਨੁਸਾਰ ਰਾਗ, ਸੰਗੀਤ ਗਾਉਂਦੇ ਜਾਂ ਵਜਾਉਂਦੇ ਅਤੇ ਸੁਣਦੇ ਹਨ। ਕਿਉਂਕਿ ਸੰਗੀਤ ਰਾਗ, ਸੁਰ ਮਨੋਰੰਜਨ ਦਾ ਸਾਧਨ ਹੈ; ਅਜ ਦੇ ਵਿਗਿਆਨਕ ਯੁਗ ਵਿਚ ਲੋਕ ਰੇਡੀਓ, ਟੇਪ ਰਿਕਾਰਡਰ ਜਾਂ ਟੈਲੀਵੀਜ਼ਨ ਆਦਿ ਸਾਧਨਾਂ ਰਾਹੀਂ ਸੰਗੀਤ ਸੁਣ ਕੇ ਆਪਣੇ ਕਾਰ ਵਿਹਾਰ ਤੋਂ ਜਾਂ ਮਿਹਨਤ ਕਰਨ ਨਾਲ ਥੱਕੇ-ਟੁੱਟੇ ਹੋਏ ਆਪਣੇ ਮਨ ਨੂੰ ਸ਼ਾਂਤ ਕਰਦੇ ਹਨ। ਸੰਗੀਤ ਵਿਚ ਰਾਗ ਦੇ ਅੰਦਰ ਇਤਨੀ ਸ਼ਕਤੀ ਹੁੰਦੀ ਹੈ ਕਿ ਇਸ ਨੂੰ ਸੁਣ ਕੇ ਸੰਸਾਰ ਭਰ ਵਿਚ ਕੋਈ ਵੀ ਜਾਣਕਾਰ ਇਸ ਦੇ ਅਸਰ ਨੂੰ ਕਬੂਲਣ ਤੋਂ ਬਿਨ੍ਹਾਂ ਨਹੀਂ ਰਹਿ ਸਕਦਾ। ਹਰਨ ਵੱਲ ਤੱਕੋ ਘੰਡੇਹੇੜੇ ਦੇ ਸ਼ਬਦ ਨੂੰ ਸੁਣ ਕੇ ਇਤਨਾ ਪ੍ਰਭਾਵਿਤ ਤੇ ਮੋਹਿਤ ਹੋ ਜਾਂਦਾ ਹੈ ਕਿ ਆਪਣੀ ਜਾਨ ਤਕ ਵਾਰ ਦਿੰਦਾ ਹੈ। ਗੁਰਵਾਕ ਹੈ:

ਨਾਦ ਤ੍ਰਮੇ ਜੈਸੇ ਮਿਰਗਾਏ, ਪ੍ਰਾਨ ਤਜੇ ਵਾ ਕੋ ਧਿਆਨ ਨਾ ਜਾਏ

ਭਿਆਨਕ ਸ਼ੇਰ ਦੇ ਸਾਹਮਣੇ ਜਦ ਤੰਤੀ ਸਾਜ਼ ਛੇੜਿਆ ਗਿਆ ਤਾਂ ਉਸ ਨੂੰ ਸ਼ਾਂਤ ਹੁੰਦਾ ਵੇਖਿਆ ਗਿਆ। ਪ੍ਰਸਿੱਧ ਸੰਗੀਤਕਾਰ ਪੰਡਤ ਓਂਕਾਰ ਨਾਥ ਠਾਕੁਰ ਦਾ ਕਹਿਣਾ ਹੈ ਕਿ ਸਵਰ ਦੇ ਪ੍ਰਭਾਵ ਨਾਲ ਮੈਂ ਹਿੰਸਕ ਸ਼ੇਰ ਨੂੰ ਐਸਾ ਮੁਗਧ ਕਰ ਦਿੱਤਾ ਸੀ ਕਿ ਉਸ ਦੀਆਂ ਅੱਖਾਂ ਵਿਚੋਂ ਕੁੱਤੇ ਵਰਗੀ ਮੁਹੱਬਤ ਛਲਕਣ ਲੱਗ ਪਈ ਸੀ। ਭਾਈ ਮਰਦਾਨੇ ਨੇ ਪਹਿਲੀ ਵਾਰ ਜਦੋਂ ਗੁਰੂ ਨਾਨਕ ਸਾਹਿਬ ਦੀ ਆਗਿਆ ਪਾ ਕੇ ਰਬਾਬ ਵਜਾਇਆ ਤਾਂ ਆਖਦੇ ਹਨ ਕਿ ਬ੍ਰਿਛਾਂ 'ਚੋਂ ਰਸ ਚੋਣ ਲੱਗ ਪਿਆ। ਪੰਛੀਆਂ ਨੂੰ ਪ੍ਰੇਮ ਦਾ ਉਛਾਲਾ ਆਇਆ। ਤਾਨ ਸੁਣ ਕੇ, ਰਾਗ ਦੀ ਮਿੱਠੀ ਸੁਰੀਲੀ ਆਵਾਜ਼ ਸੁਣ ਕੇ ਸਭ ਮੋਹੇ ਗਏ ਅਤੇ ਜਿਹੜੇ ਚੇਤੰਨ ਸਨ ਉਨ੍ਹਾਂ ਦੀ ਸਮਾਧੀ ਲੱਗ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰਨ ਸਮੇਂ ਗੁਰੂ ਸਾਹਿਬਾਨਾਂ ਨੇ ਅਧਿਆਤਮਕ ਕਵਿਤਾ ਅਤੇ ਸੰਗੀਤ ਦੋਨਾਂ ਕੋਮਲ ਹੁਨਰਾਂ ਨੂੰ ਇੱਥੋਂ ਤੱਕ ਮਹਾਨਤਾ ਦਿੱਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਰਾਗਾਂ ਵਿਚ ਹੀ ਰਚੀ ਗਈ। ਗੁਰਬਾਣੀ ਜਦ ਰਾਗਾਂ ਵਿਚ ਗਾਈ ਗਈ ਤਾਂ ਉਸ ਦਾ ਨਾਮ ਕੀਰਤਨ ਹੋਇਆ।

ਗੁਰਮਤਿ ਵਿਚ ਜਿਤਨਾ ਮਹੱਤਵ ਕੀਰਤਨ ਦਾ ਹੈ ਉਹਨਾ ਕਿਸੇ ਹੋਰ ਗੱਲ ਦਾ ਨਹੀਂ। ਜਦੋਂ ਗੁਰਬਾਣੀ ਦੇ ਸ਼ਬਦ ਨੂੰ ਰਾਗ ਦੀਆਂ ਸੁੰਦਰ ਸੁਰਾਂ ਵਿਚ, ਲੈਅ ਅਤੇ ਤਾਲ ਵਿਚ ਬੰਨ੍ਹ ਕੇ ਗਾਇਆ ਜਾਂਦਾ ਹੈ ਤਾਂ ਉਸ ਨੂੰ ਸੁਣ ਕੇ ਪੱਥਰ ਜੈਸੇ ਦਿਲ ਵੀ ਕੋਮਲ ਹੋ ਜਾਂਦੇ ਹਨ, ਕਿਉਂਕਿ ਗੁਰਬਾਣੀ ਜੋ ਰਚੀ ਗਈ, ਇਹ ਧੁਰ ਕੀ ਬਾਣੀ ਹੈ। ਇਸ ਵਿਚ ਕਿਸੇ ਦੁਨਿਆਵੀ ਇਨਸਾਨ ਦੀ ਸਿਫ਼ਤ ਨਹੀਂ ਕੀਤੀ ਗਈ ਅਤੇ ਨਾ ਹੀ ਕਿਸੇ ਧਰਮ ਦੀ ਨਿੰਦਾ ਕੀਤੀ ਗਈ ਹੈ। ਕੇਵਲ ਗੁਰਬਾਣੀ ਵਿਚ ਸਰਬ ਸਾਂਝੀਵਾਲਤਾ ਦਾ ਉਪਦੇਸ਼ ਹੈ। ਇਸ ਗੁਰਬਾਣੀ ਵਿਚ ਮਨੁੱਖ ਨੂੰ ਸਾਰੇ ਦੁਨਿਆਵੀ ਲੋਭ ਵਿਕਾਰ ਛੱਡ

ਕੇ ਉਸ ਪ੍ਰਭੂ ਪਰਮਾਤਮਾਂ ਦੇ ਚਰਨਾਂ ਵਿਚ ਮਨ ਜੋੜਨ ਲਈ ਪ੍ਰੇਰਿਆ ਗਿਆ ਹੈ। ਜਦੋਂ ਇਸ ਗੁਰਬਾਨੀ ਨੂੰ ਸੁਰ ਲੈਅ ਅਤੇ ਤਾਲ ਵਿਚ ਬੰਨ੍ਹ ਕੇ ਇਕਾਂਤ ਮਈ ਹੋ ਕੇ ਗਾਇਆ ਜਾਂਦਾ ਹੈ ਤਾਂ ਇਸ ਵਿਚੋਂ ਅਦਭੁੱਤ ਅੰਮ੍ਰਿਤ ਰਸ ਪ੍ਰਗਟ ਹੁੰਦਾ ਹੈ, ਇਸ ਰਾਹੀਂ ਇਨਸਾਨ ਨੂੰ ਆਤਮਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਤੇ ਇਸ ਕਲਜੁਗ ਦੇ ਵਿਚ ਹਰਿ ਕੀਰਤਨ ਦਾ ਅੰਮ੍ਰਿਤ ਰਸ ਪੀਣ ਨਾਲ ਹੀ ਇਨਸਾਨ ਦਾ ਵਿਕਾਰਾਂ ਰੂਪੀ ਚਾਦਰ ਓਢ ਕੇ ਸੁੱਤਾ ਹੋਇਆ ਮਨ ਜਾਗ ਪੈਂਦਾ ਹੈ। ਦੁੱਖ, ਕਲੇਸ਼ ਤੇ ਰੋਗ ਦੂਰ ਹੋ ਜਾਂਦੇ ਹਨ। ਸ਼ਾਂਤੀ ਸੀਤਲ ਤੇ ਮਨ ਸੁਖੀ ਹ ਜਾਂਦਾ ਹੈ। ਆਵਾਗਵਣ ਦੇ ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ। ਗੁਰਬਾਣੀ ਦੇ ਹੇਠ ਲਿਖੇ ਵਾਕਾਂ ਰਾਹੀਂ ਇਸ ਕਥਨ ਦੀ ਪੂਰਤੀ ਹੋ ਜਾਂਦੀ ਹੈ :

ੳ) ਆਨੰਦ ਸੂਖ ਬਿਸ੍ਰਾਮ ਨਿਤ, ਹਰਿ ਕਾ ਕੀਰਤਨ ਗਾਇ ॥
ਅਵਰ ਸਿਆਣਪ ਛਾਡ ਦੇਹਿ ਨਾਨਕ ਉਧਰਸਿ ਨਾਇ ॥

ਅ) ਜਹ ਸਾਧੂ ਗੋਬਿੰਦ ਭਜਨ ਕੀਰਤਨ ਨਾਨਕ ਨੀਤ ॥
ਣਾ ਹਉ ਣਾ ਤੂੰ ਣਹਿ ਛੁਟਹਿ, ਨਿਕਟ ਨਾ ਜਾਈਅਹੁ ਦੂਤ ।

ਬੜੇ ਵੱਡਿਆਂ ਭਾਗਾਂ ਨਾਲ ਇਹ ਅੰਮ੍ਰਿਤ ਕੀਰਤਨ ਦੀ ਦਾਤ ਮਿਲਦੀ ਹੈ। ਜਿੰਨ੍ਹਾਂ ਉੱਪਰ ਸਤਿਗੁਰੂ ਜੀ ਦੀ ਨਦਰ-ਏ-ਰਹਿਮਤ ਹੋਵੇ :

ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ ।
ਵਜਹੁ ਨਾਨਕ ਮਿਲੈ ਏਕ ਨਾਮ, ਰਿਦੇ ਜਪੁ ਜਪੁ ਜਾਵੈ ॥

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅੰਮ੍ਰਿਤ ਕੀਰਤਨ ਦੇ ਰਸੀਆਂ ਲਈ ਰਾਗ ਰਾਮਕਲੀ 'ਚ ਸ਼ਬਦ ਰਚਿਆ ਹੈ :

ਰਾਮਕਲੀ ਮਹਲਾ ੫

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗ ਅਲਾਪੈ ॥
ਏਕਾ ਦੇਸੀ ਏਕ ਦਿਖਾਵੈ ਏਕੋ ਰਹਿਆ ਬਿਆਪੈ ॥
ਭਲੋ ਭਲੋ ਰੇ ਕੀਰਤਨੀਆ । ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕਰੇ ਕੇ ਧੰਧ ਸੁਆਉ । ਰਹਾਉ ॥੧॥
ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣ ਤਾਣ ਤਜਿ ਤਾਨਾ ਪਾਉ ਨਾ ਬੀਗਾ ਘਾਲੈ ॥
ਫੇਰੀ ਫੇਰ ਨਾ ਹੋਵੈ ਕਬਹੀ ਏਕ ਸਬਦ ਬੰਧਿ ਪਾਲੈ ॥੨॥
ਨਾਰਦੀ ਨਰਹਰ ਜਾਣਿ ਹਦੂਰੇ ਘੂੰਘਰ ਖੜਕੁ ਤਿਆਗ ਵਿਸੂਰੇ ॥
ਸਹਜ ਆਨੰਦ ਦਿਖਾਵੈ ਭਾਵੈ' ਏਹੁ ਨਿਰਤਕਾਰੀ ਜਨਮਿ ਨ ਆਵੈ ॥੩॥
ਜੇ ਕੋ ਅਪਨੇ ਠਾਕੁਰ ਭਾਵੈ ਕੋਟਿ ਮਧਿ ਏਹ ਕੀਰਤਨੁ ਗਾਵੈ ॥
ਸਾਧ ਸੰਗਤਿ ਕੀ ਜਾਵਉ ਟੇਕ ਕਹੁ ਨਾਨਕ ਤਿਸ ਕੀਰਤਨ ਏਕ ॥

— 0 —

# ਪ੍ਰਸਿੱਧ ਕੀਰਤਨੀਏ

## ਸੰਗੀਤ ਸਮਰਾਟ

## ਭਾਈ ਮਿਹਰ ਸਿੰਘ ਜੀ 'ਤਾਨ'

ਭਾਈ ਮਿਹਰ ਸਿੰਘ ਜੀ ਤਾਨ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਹੋਏ ਹਨ। ਉਨ੍ਹਾਂ ਦਾ ਜਨਮ ਸੰਨ 1912 ਵਿਚ ਇਕ ਸਿੱਖ ਘਰਾਣੇ ਵਿਚ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿਤਾ ਤਾਨਾ ਸਿੰਘ ਦੇ ਗ੍ਰਹਿ ਵਿਖੇ ਗੁਜਰਾਂਵਾਲਾ (ਪਾਕਿਸਤਾਨ) ਦੀ ਧਰਤੀ ਤੇ ਹੋਇਆ ਸੀ। ਆਪ ਜੀ ਬਚਪਨ ਵਿਚ ਹੀ ਸੰਤ ਸਰੂਪ ਸਨ। ਆਪ ਦੇ ਪਿਤਾ ਜੀ ਸ੍ਰੀ ਪੰਜਾ ਸਾਹਿਬ ਦੇ ਹਜ਼ੂਰੀ ਰਾਗੀ ਸਨ ਅਤੇ ਆਪ ਛੋਟੀ ਉਮਰ ਵਿਚ ਹੀ ਆਪਣੇ ਪਿਤਾ ਜੀ ਦੇ ਨਾਲ ਪਿੱਛੇ ਬੈਠਕੇ ਕੈਂਸੀਆ ਵਜਾ ਕੇ ਕੀਰਤਨ ਕਰਿਆ ਕਰਦੇ ਸਨ। ਆਪ ਨੂੰ ਕਲਾਸੀਕਲ ਸੰਗੀਤ ਸਿੱਖਣ ਦਾ ਬਹੁਤ ਸ਼ੌਂਕ ਸੀ। ਉਨ੍ਹਾਂ ਦੇ ਮਨ ਵਿਚ ਖਾਹਿਸ਼ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਨ੍ਹਾਂ ਜਿਨ੍ਹਾਂ ਰਾਗਾਂ ਪੜਤਾਲਾਂ, ਤਾਲਾਂ ਵਿਚ ਸ਼ਬਦ ਉਚਾਰਨ ਕੀਤੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਅੰਦਰ ਜਿਨ੍ਹਾਂ ਰਾਗਾਂ ਤੇ ਤਾਲਾਂ ਅੰਦਰ ਸ਼ਬਦ ਹਨ, ਉਹਨਾਂ ਸ਼ਬਦਾਂ ਨੂੰ ਉਸੇ ਤਰ੍ਹਾਂ ਰਾਗ ਪੜਤਾਲ, ਤਾਲ ਵਿਚ ਗਾ ਕੇ ਗੁਰੂ ਅਰਜਨ ਦੇਵ ਜੀ ਤੇ ਸੰਗਤਾਂ ਦੀ ਆਸੀਸ ਤੇ ਖੁਸ਼ੀਆਂ ਪ੍ਰਾਪਤ ਕਰਾਂ। ਜਿਸ ਭਾਵਨਾ ਦੁਆਰਾ ਸਤਿਗੁਰੂ ਪਾਤਸ਼ਾਹ ਅੱਗੇ ਅਰਦਾਸ ਕੀਤੀ ਸੀ, ਸਤਿਗੁਰੂ ਪਾਤਸ਼ਾਹ ਨੇ ਅਰਦਾਸ ਕਬੂਲ ਕਰ ਲਈ ਤਾਂ ਰਾਗ ਪੜਤਾਲ ਦੀ ਸੋਝੀ ਦੇਣ ਵਾਸਤੇ ਗੁਰੂ ਘਰ ਦਾ ਸ਼ਰਧਾਲੂ ਮੁਸਲਮਾਨ ਉਸਤਾਦ ਅਲੀ ਬਖਸ਼, ਜੋ ਕਿ ਆਪਣੇ ਵਕਤ ਦਾ ਅੱਛਾ ਗਵੱਈਆ ਹੋਇਆ ਹੈ, ਉਸ ਨਾਲ ਮੇਲ ਮੁਲਾਕਤ ਹੋ ਗਈ। ਉਸਤਾਦ ਜੀ ਨੇ ਆਪ ਨੂੰ ਅੱਛੀ ਲਗਨ ਵਾਲਾ ਵੇਖ ਕੇ, ਗੁਰੂ ਗ੍ਰੰਥ ਸਾਹਿਬ ਅੰਦਰ ਜੋ ਰਾਗ ਸਨ, ਉਹਨਾਂ ਤੋਂ ਜਾਣੂ ਕਰਵਾਇਆ। ਇਸ ਤੋਂ ਇਲਾਵਾਂ ਬਿਕਿਟ ਚੀਜ਼ਾਂ ਧੁਰ ਪਦ, ਖਿਆਲ, ਠੁਮਰੀ, ਤਰਾਨਾ ਆਦਿ ਦਾ ਗਿਆਨ ਵੀ ਦਿੱਤਾ। ਜਿਸ ਵਕਤ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕੀਤਾ ਤਾਂ ਸੰਗਤਾਂ ਪੱਕੇ ਰਾਗ ਸ੍ਰਵਣ ਕਰ ਕੇ ਝੂਮ ਉੱਠੀਆਂ ਸੰਗਤਾਂ ਵਲੋਂ ਬਹੁਤ ਪ੍ਰਸੰਨਤਾ ਪ੍ਰਾਪਤ ਹੋਈ। ਫਿਰ ਗੋਇੰਦਵਾਲ ਸਾਹਿਬ ਵੀ ਹਾਜ਼ਰੀਆਂ ਭਰੀਆਂ ਤੇ ਸਤਿਗੁਰੂ ਪਾਤਸ਼ਾਹ ਤੇ ਸੰਗਤਾਂ ਦੀ ਆਸੀਸ ਪ੍ਰਾਪਤ ਕੀਤੀ। ਉਸਤਾਦ ਅਲੀ ਬਖਸ਼ ਜੀ ਨੇ ਖੁਸ਼ ਹੋ ਕੇ ਆਪ ਨੂੰ 'ਸੰਗੀਤ ਸਮਰਾਟ' ਦਾ ਖਿਤਾਬ ਦਿੱਤਾ ਤੇ ਹੁਕਮ ਕੀਤਾ ਕਿ ਆਪ ਰਾਗਾਂ ਵਿਚ ਪਰਪੱਕ ਹੋ ਗਏ ਹੋ। ਸਤਿਗੁਰੂ ਪਾਤਸ਼ਾਹ ਦੀ ਆਪ ਉੱਪਰ ਮਿਹਰ ਹੋਈ। ਆਪ ਜੀ ਨੂੰ ਕੋਈ ਯਾਦ ਕਰੇ, ਕੀਰਤਨ ਸੁਣਨਾ ਚਾਹਵੇ, ਆਪ ਜੀ ਨੇ ਮਾਇਆ ਦਾ 'ਠੇਕਾ' ਨਹੀਂ ਕਰਨਾ ਜੋ ਕੁਝ ਕੋਈ ਦੇਵੇ ਉਹ ਲੈ ਲੈਣਾ। ਆਪ ਨੇ ਮਾਇਆ ਦਾ ਸੈਟਲਮੈਂਟ ਕਦੀ ਵੀ ਨਹੀਂ ਸੀ ਕੀਤਾ। ਆਪ ਜੀ ਨੂੰ ਤਬਲਾ ਵਜਾਉਣ ਦਾ ਵੀ ਗਿਆਨ ਸੀ। ਆਪਣੇ ਗਲੇ ਨਾਲ ਤੰਤੀ ਸਾਜ ਸਿਤਾਰ ਵਜਾਇਆ ਕਰਦੇ ਸਨ। ਜਿਸ ਵਕਤ ਸਰੋਤੇ ਜਨ ਸ੍ਰਵਣ ਕਰਦੇ

ਸਨ ਤਾਂ ਆਪਣੇ ਮੂੰਹ ਵਿਚ ਉਂਗਲਾਂ ਲੈ ਲੈਂਦੇ ਸਨ। ਆਪ ਜੀ ਦਾ ਸਿੱਖ ਪੰਥ ਅੰਦਰ ਅੱਛਾ ਨਾਮ ਹੋ ਗਿਆ ਸੀ।

ਇਕ ਵਾਰ ਸੰਤ ਬਾਬਾ ਸੁੰਦਰ ਸਿੰਘ ਜੀ ਅਲੀਬੇਗ ਵਾਲਿਆਂ ਨੇ ਆਪਣੇ ਅਸਥਾਨ ਤੇ ਬਹੁਤ ਭਾਰੀ ਰਾਗ ਦਰਬਾਰ ਰੱਖਿਆ। ਇਸ ਵਿਚ ਬਹੁਤ ਸਾਰੇ ਰਾਗੀ ਸਿੰਘ ਪੁੱਜੇ। ਇਸ ਰਾਗ ਦਰਬਾਰ ਅੰਦਰ ਭਾਈ ਮਿਹਰ ਸਿੰਘ ਜੀ 'ਤਾਨ' ਹੋਰੀਂ ਵੀ ਪੁੱਜੇ ਅਤੇ ਆਪ ਨੇ ਸੱਤ ਰਾਗਾਂ ਦਾ ਗੁਲਦਸਤਾ ਪੇਸ਼ ਕੀਤਾ ਅਤੇ ਪਹਿਲਾ ਇਨਾਮ ਪ੍ਰਾਪਤ ਕੀਤਾ। ਸੰਤ ਬਾਬਾ ਸੁੰਦਰ ਸਿੰਘ ਜੀ ਨੇ ਖੁਸ਼ ਹੋ ਕੇ ਆਪ ਨੂੰ 'ਤਾਨ' ਖਿਤਾਬ ਦਿੱਤਾ ਅਤੇ ਬਚਨ ਕੀਤੇ ਕਿ ਸਤਿਗੁਰੂ ਪਾਤਿਸ਼ਾਹ ਦੀ ਆਪ ਜੀ ਉੱਪਰ ਬਖਸ਼ਿਸ਼ ਹੈ। ਉਨ੍ਹਾਂ ਅੰਦਰ ਸੰਤਾਂ ਮਹਾਂਪੁਰਸ਼ਾਂ ਵਾਲੇ ਲੱਛਣ ਸਨ। ਸੰਤਾਂ ਵਾਲਾ ਜਾਮਾ ਦੇ ਕੇ ਹੁਕਮ ਕੀਤਾ ਕਿ ਅਜ ਤੋਂ ਇਹ ਜਾਮਾ ਪਹਿਨ ਕੇ ਸੰਗਤਾਂ ਨੂੰ ਕੀਰਤਨ ਨਾਲ ਜੋੜਨਾ ਅਤੇ ਆਪਣੇ ਮਨ ਵਿਚ ਹਮੇਸ਼ਾਂ ਨਿਮਰਤਾ ਰੱਖਣਾ। ਉਸ ਤੋਂ ਬਾਅਦ ਆਪ ਜੀ ਨੇ ਸੰਤਾਂ ਵਾਲਾ ਜਾਮਾ, ਗੋਲ ਸਫੇਦ ਦਸਤਾਰ, ਕਲੀਆਂ ਵਾਲਾ ਚੋਲ੍ਹਾ ਤੇ ਚੂੜੀਦਾਰ ਪਜਾਮਾਂ ਪਹਿਨਿਆ ਤੇ ਉਸੇ ਬਾਣੇ ਵਿਚ ਹੀ ਰਹੇ। ਜਦੋਂ ਸੰਗਤਾਂ ਦੇ ਹੁਕਮ ਦੁਆਰਾ ਆਪ ਜੀ ਨੂੰ ਸ੍ਰੀ ਪੰਜਾ ਸਾਹਿਬ ਹਜ਼ੂਰੀ ਰਾਗੀ ਜਥੇ ਦੀ ਸੇਵਾ ਮਿਲੀ ਤਾਂ ਆਪ ਜੀ ਨੇ ਧੰਨ, ਪੋਠੋਵਾਰ, ਬਨੂੰ ਕੋਹਾਟ, ਨੌਸ਼ਹਿਰਾ ਪਿਸ਼ਾਵਰ ਤੇ ਕਾਬਲ ਕੰਧਾਰ ਤੱਕ ਸਾਰੇ ਇਲਾਕੇ ਵਿਚ ਵਿਚਰ ਕੇ ਸਿੱਖੀ ਪ੍ਰਚਾਰ ਕੀਤਾ। ਗੁਰਦੁਆਰਾ ਸਾਹਿਬ ਦੇ ਚਾਂਦੀ ਦੇ ਗੇਟ ਬਣਵਾਏ। ਲੰਗਰ ਵਾਸਤੇ ਵਧ ਚੜ੍ਹ ਕੇ ਉਗਰਾਹੀ ਕੀਤੀ। ਚਲ ਰਹੀ ਅਕਾਲੀ ਲਹਿਰ ਵਿਚ ਵਾਧਾ ਕੀਤਾ। ਦਸ ਹਜ਼ਾਰ ਤੋਂ ਵੱਧ ਅਕਾਲੀ ਭਰਤੀ ਕੀਤੇ। ਕਈ ਅਕਾਲੀ ਮੋਰਚਿਆਂ ਵਿੱਚ ਹਿੱਸਾ ਲਿਆ। ਵਿਸ਼ੇਸ਼ ਕਰਕੇ ਕਿਰਪਾਨ ਮੋਰਚੇ ਵਿਚ ਆਪ ਜੀ ਨੇ ਗੁਜਰਾਂ ਵਾਲੇ ਤੋਂ ਪੰਜ ਸੌਂ ਦਾ ਜੱਥਾ ਲੈ ਕੇ ਲਾਹੌਰ ਜਾ ਕੇ ਗ੍ਰਿਫਤਾਰੀ ਦਿੱਤੀ। ਸੰਨ 1947 ਤੋਂ ਬਾਅਦ ਆਪ ਜਲੰਧਰ ਆ ਗਏ। ਇਥੋਂ ਦੇ ਵਸਨੀਕ ਹੋ ਗਏ ਅਤੇ ਵੀਹ ਸਾਲ ਜਲੰਧਰ ਹੀ ਰਹੇ। ਰੇਡਿਓ ਸਟੇਸ਼ਨ ਤੋਂ ਵੀ ਆਪ ਜੀ ਦੇ ਰਾਗਾਂ ਵਿਚ ਸ਼ਬਦ ਆਉਂਦੇ ਰਹੇ। ਬਸੰਤ ਰਾਗ ਵਿਚ 'ਬਸੰਤ ਚੜਿਆ ਫੂਲੀ ਬਨਰਾਇ'। ਇਹ ਜੀਅ ਜੰਤ ਫੂਲੇ ਹਰਿ ਚਿਤ ਲਾਇ।' ਮਲਾਰ ਰਾਗ ਵਿਚ 'ਸਾਵਨ ਆਇਆ ਹੇ ਸਖੀ ਜਲ ਹਰਿ ਬਰਸਨ ਹਾਰ'। 'ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।' ਆਦਿ ਤੇ ਹੋਰ ਵੀ ਕਈ ਸ਼ਬਦ ਆਉਂਦੇ ਰਹੇ।

ਅਖੀਰ ਸਮੇਂ ਆਪ ਜੀ ਜਲੰਧਰ ਤੋਂ ਸਰਹੰਦ ਦੇ ਕੋਲ ਪਿੰਡ ਤਲਾਨੀਆਂ, ਮਾਨ ਸਰਦਾਰਾ ਪਾਸ ਆਨੰਦ ਕਾਰਜ ਲਈ ਪ੍ਰੋਗਰਾਮ ਤੇ ਗਏ। ਵਾਪਸੀ ਤੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਵਿਖੇ ਕੀਰਤਨ ਦੀ ਹਾਜ਼ਰੀ ਭਰੀ। ਅਰਦਾਸ ਉਪਰੰਤ ਹੁਕਮ 'ਰਹਿਣ ਨਾ ਪਾਵੈ ਸੁਰਿ ਨਰ ਦੇਵਾ। ਉਠ ਸਿਧਾਰੇ ਕਰ ਮੁਨਿ ਜਨ ਸੇਵਾ' ਬਚਨ ਕੀਤੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੁਕਮ ਆ ਗਏ ਹਨ। ਹੁਣ ਅਸੀਂ ਗੁਰੂ ਜੀ ਦੇ ਚਰਨਾਂ ਵਿਚ ਸਚ ਖੰਡ ਜਾ ਰਹੇ ਹਾਂ। ਪਿਛੋਂ ਆਪ ਜੀ ਨੇ ਇਹ ਕੀਰਤਨ ਦੀ ਲੜੀ ਨਹੀਂ ਛੱਡਣੀ। ਇਸੇ ਤਰ੍ਹਾਂ ਕੀਰਤਨ ਕਰਦੇ ਰਹਿਣਾ।

# ਗੁਰਬਾਣੀ ਗਾਇਨ ਵਿਧੀ

ਡਾ: ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਦੋ ਮੁੱਖ ਹਿੱਸੇ ਕੀਤੇ ਜਾ ਸਕਦੇ ਹਨ। (੧) ਰਾਗ ਰਹਿਤ ਬਾਣੀ।(੨) ਰਾਗ ਬੱਧ ਬਾਣੀ। ਰਾਗ ਰਹਿਤ ਬਾਣੀਆਂ ਵਿਚ ਜਪੁਜੀ, ਸੋਦਰਿ, ਸੋ ਪੁਰਖ, ਸੋਹਿਲਾ, ਸਲੋਕ, ਸਵੱਯੇ ਆਦਿ ਬਾਣੀਆਂ ਆਉਂਦੀਆ ਹਨ। ਇਹ ਬਾਣੀਆਂ ਪਾਠ ਕਰਨ ਲਈ ਹਨ। ਭਾਵੇਂ ਸੋਦਰੁ, ਸੋ ਪੁਰਖ ਅਤੇ ਸੋਹਿਲਾ ਆਦਿ ਬਾਣੀਆਂ ਵਿਚ ਸ਼ਾਮਲ ਪਦੇ ਰਾਗਾਂ ਦੇ ਸਿਰਲੇਖ ਅਧੀਨ ਹਨ ਪਰ ਇਹ ਪਦੇ ਇਕ ਖਾਸ ਸਿਰਲੇਖ ਅਧੀਨ ਆਉਣ ਨਾਲ ਉਸ ਸਿਰਲੇਖ ਨਾਲ ਸੰਬੰਧਤ ਹੋ ਗਏ ਹਨ। ਜਿਵੇਂ ਸੋਦਰ ਵਾਲਾ ਪਦਾ ਜਪੁਜੀ ਤੇ ਸੋਦਰ ਵਿਚ ਆਉਣ ਦੇ ਨਾਲ ਨਾਲ ਰਾਗ ਆਸਾ ਵਿਚ ਵੀ ਦਰਜ ਹੋਇਆ ਹੈ। ਪਰ ਇਨ੍ਹਾਂ ਤਿੰਨਾਂ ਥਾਵਾਂ ਤੇ ਇਸ ਦਾ ਅਰਥ ਸੰਦਰਭ ਵਖਰਾ ਵਖਰਾ ਹੈ। ਜਪੁਜੀ ਅਤੇ ਸੋਦਰ ਵਿਚ ਇਹ ਸ਼ਬਦ ਨਿਤਨੇਮ ਅਨੁਸਾਰ ਪਾਠ ਕਰਨ ਅਤੇ ਵਿਚਾਰਨ ਲਈ ਹੈ ਅਤੇ ਰਾਗ ਆਸਾ ਵਿਚ ਗਾਉਣ ਵਾਸਤੇ ਹੈ।

ਰਾਗ-ਬੱਧ ਬਾਣੀ ਗਾਇਨ ਕਰਨ ਵਾਸਤੇ ਹੈ। ਇਸ ਬਾਣੀ ਦਾ ਸਾਧਾਰਨ ਰੂਪ ਵਿਚ ਪਾਠ ਕਰਨਾ ਕਿੰਨਾ ਕੁ ਉਚਿਤ ਹੈ ਇਹ ਇਕ ਵਖਰਾ ਵਿਸ਼ਾ ਹੈ। ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਰਾਗ ਬੱਧ ਬਾਣੀ ਕੇਵਲ ਗਾਇਨ ਕਰਨ ਲਈ ਹੈ ਅਤੇ ਇਸ ਦੀ ਇਕ ਵਿਸ਼ੇਸ਼ ਵਿਧੀ ਹੈ। ਇਸ ਵਿਧੀ ਨੂੰ ਦਰਸਾਉਣ ਲਈ ਅਸੀਂ ਸਿਰੀ ਰਾਗ ਦੇ ਪਹਿਲੇ ਪਦੇ ਨੂੰ ਆਧਾਰ ਬਣਾਇਆ ਹੈ।

ਸੰਗੀਤ ਕਲਾ ਇਕ ਕਾਲਿਕ ਕਲਾ ਹੈ ਭਾਵ ਇਸ ਦਾ ਰਸ ਸਿਧਾਂਤ ਕਾਲ ਜਾਂ ਤਾਲ ਦੇ ਅੰਤਰਗਤ ਆਉਂਦਾ ਹੈ। ਇਸ ਲਈ ਇਹ ਪਦਾ ਇਕ ਖਾਸ ਤਰਤੀਬ ਵਿਚ ਗਾਇਆ ਜਾਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਪਦਾ ਹੇਠ ਲਿਖੇ ਅਨੁਸਾਰ ਦਰਜ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ਰਹਾਉ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥
ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

ਇਸ ਪਦੇ ਵਿਚ 'ਮਤ-ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ' ਵਾਲੀ ਤੁਕ ਬਾਰ ਬਾਰ ਆਈ ਹੈ। ਕਈ ਰਾਗੀ ਸਿੰਘ ਇਸ ਨੂੰ ਟੇਕ ਜਾਂ ਸਥਾਈ ਬਣਾ ਲੈਂਦੇ ਹਨ। ਇਹ ਠੀਕ ਨਹੀਂ। ਸਥਾਈ ਹਮੇਸ਼ਾ 'ਰਹਾਉ' ਦੀ ਤੁਕ ਬਨਾਉਣੀ ਚਾਹੀਦੀ ਹੈ। 'ਰਹਾਉ' ਦੀ ਤੁਕ ਵਿਚ ਕੇਂਦਰੀ ਭਾਵ ਦਰਜ ਹੁੰਦਾ ਹੈ। ਇਸ ਲਈ ਕੇਂਦਰੀ ਭਾਵ ਨੂੰ ਬਾਰ ਬਾਰ ਦ੍ਰਿੜ ਕਰਾਉਣਾ ਹੀ ਕੀਰਤਨ ਦਾ ਮੰਤਵ ਹੋਣਾ ਚਾਹੀਦਾ ਹੈ। ਸ਼ਬਦ ਦੀ ਗਾਇਨ ਤਰਤੀਬ ਹੇਠ ਲਿਖੇ ਅਨੁਸਾਰ ਹੋਵੇਗੀ

ਸਥਾਈ - ਹਰਿ ਬਿਨ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰ ਨਾਹੀ ਥਾਉ ॥
ਅੰਤਰ ੧ - ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਸਥਾਈ ੧—ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥
ਅੰਤਰਾ ੨— ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥
ਸਥਾਈ —ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈਂ ਆਪਣਾ ਗੁਰੁ ਪੂਛਿ ਦੇਖਿਆ ਅਵਰ ਨਾਹੀ ਥਾਉ ॥
ਅੰਤਰਾ ੩— ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥
ਸਥਾਈ ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥
ਅੰਤਰਾ ੪— ਸੁਲਤਾਨੁ ਹੋਵਾ ਮੇਲਿ ਲਸਕਰ ਤੁਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥
ਸਥਾਈ ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥

ਇਸ ਪਦੇ ਨੂੰ ਇਸ ਤਰਤੀਬ ਨਾਲ ਗਾਉਣ ਦਾ ਇਕ ਖਾਸ ਮੰਤਵ ਹੈ। ਸਾਰੇ ਪਦੇ ਦਾ ਕੇਂਦਰੀ ਭਾਵ ਕਿਉਂਕਿ 'ਰਹਾਉ' ਦੇ ਪਦੇ ਵਿਚ ਹੈ ਇਸ ਲਈ ਇਹ ਤੁਕ ਹੀ ਇਸ ਸਾਰੇ ਸ਼ਬਦ ਦੇ ਅਰਥ ਦੀ ਨੀਂਹ ਹੈ। ਹਰ ਅੰਤਰੇ ਤੋਂ ਬਾਦ ਸਥਾਈ ਤੇ ਆਉਣ ਨਾਲ ਮਨ ਦੀ ਉਡਾਰੀ ਇਕ ਵਾਰ ਧਰਤੀ ਤੋਂ ਦੂਰ ਅਤੇ ਫੇਰ ਧਰਤੀ ਉਤੇ ਆਉਂਦੀ ਹੈ। ਇੰਜ ਮਨ ਇਕ ਪੀਘ ਵਾਂਗ ਹੁਲਾਰੇ ਖਾਂਦਾ ਹੈ। ਇਸ ਸ਼ਬਦ ਦਾ ਭਾਵ ਜਿਵੇਂ ਤਰਤੀਬ ਅਨੁਸਾਰ ਮਨ ਤੇ ਅਸਰ ਪਾਉਂਦਾ ਹੈ ਉਹ ਵੀ ਵੇਖ ਲੈਣਾ ਚਾਹੀਦਾ ਹੈ ਇਹ ਅਰਥ ਪ੍ਰੋ: ਸਾਹਿਬ ਸਿੰਘ ਜੀ ਦੇ ਟੀਕੇ ਅਨੁਸਾਰ ਹਨ—

**ਸਥਾਈ :** ਮੈਂ ਆਪਣੇ ਗੁਰੂ ਨੂੰ ਪੁਛਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ (ਜਿਥੇ ਉਹ ਸਾੜ ਮੁਕ ਸਕੇ)।

1. ਜੇ ਮੇਰੇ ਵਾਸਤੇ ਮੋਤੀਆਂ ਦੇ ਮਹਿਲ ਮਾੜੀਆਂ ਉਸਰ ਪੈਣ, ਜੇ (ਉਹ ਮਹਿਲ ਮਾੜੀਆਂ) ਰਤਨਾਂ ਨਾਲ ਜੜੀਆਂ ਜਾਣ, ਜੇ ਉਨ੍ਹਾਂ ਦੀ ਕਸਤੂਰੀ ਕੇਸਰ ਤੇ ਚੰਦਨ ਆਦਿ ਨਾਲ ਲਿਪਾਈ ਕਰ ਕੇ ਮੈਨੂੰ ਚਾ ਚੜ੍ਹੇ। ਇਹ ਵੇਖ ਕੇ ਮੈਂ ਕਿਤੇ ਤੈਨੂੰ ਭੁਲਾ ਨਾ ਬੈਠਾਂ, ਕਿਤੇ ਤੂੰ ਮੈਨੂੰ ਵਿਸਰ ਨਾ ਜਾਏਂ, ਕਿਤੇ ਤੇਰਾ ਨਾਮ ਮੇਰੇ ਚਿਤ ਵਿਚ ਟਿਕੇ ਹੀ ਨਾ।

ਕਿਉਂਕਿ ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ-ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ। (ਜਿਥੇ ਉਹ ਸਾੜ ਮੁਕ ਸਕੇ)।

2. ਜੇ (ਮੇਰੇ ਰਹਿਣ ਵਾਸਤੇ) ਧਰਤੀ ਹੀਰੇ ਲਾਲਾਂ ਨਾਲ ਜੜੀ ਜਾਏ, ਜੇ ਮੇਰੇ ਸੌਣ ਵਾਲੇ ਪਲੰਘ ਉਤੇ ਲਾਲ ਜੜੇ ਜਾਣ, ਜੇ (ਮੇਰੇ ਸਾਹਮਣੇ) ਉਹ ਸੁੰਦਰ ਇਸਤਰੀ ਹਾਵ ਭਾਵ ਕਰੇ ਜਿਸ ਦੇ ਮੱਥੇ ਉਤੇ ਮਣੀ ਸੋਭ ਰਹੀ ਹੋਵੇ। ਇਹ ਵੇਖ ਕੇ ਮੈਂ ਕਿਤੇ ਤੈਨੂੰ ਭੁਲਾ ਨਾ ਬੈਠਾਂ, ਕਿਤੇ ਤੂੰ ਮੈਨੂੰ ਵਿਸਰ ਨਾ ਜਾਏਂ। ਕਿਤੇ ਤੇਰਾ ਨਾਮ ਮੇਰੇ ਚਿਤ ਵਿਚ ਟਿਕੇ ਹੀ ਨਾ।

ਕਿਉਂਕਿ ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ-ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ (ਜਿਥੇ ਉਹ ਸਾੜ ਮੁਕ ਸਕੇ)।

3. ਜੇ ਮੈਂ ਇਕ ਪੂਰਨ ਜੋਗੀ ਬਣ ਜਾਵਾਂ, ਜੇ ਮੈਂ ਜੋਗ ਸਮਾਧੀ ਦੀਆਂ ਕਾਮਯਾਬੀਆਂ ਹਾਸਲ ਕਰ ਲਵਾਂ, ਜੇ ਮੈਂ ਜੋਗ ਤੋਂ ਪ੍ਰਾਪਤ ਹੋ ਸਕਣ ਵਾਲੀਆਂ ਬਰਕਤਾਂ ਨੂੰ ਵਾਜ ਮਾਰਾਂ ਤੇ ਉਹ ਆ ਜਾਣ ਜੇ ਮੈਂ ਜੋਗ ਦੀ ਤਾਕਤ ਨਾਲ ਕਦੇ ਲੁਕ ਸਕਾਂ ਤੇ ਕਦੇ ਪ੍ਰਤੱਖ ਹੋ ਕੇ ਬੈਠ ਜਾਵਾਂ, ਜੇ (ਸਾਰਾ) ਜਗਤ ਮੇਰਾ ਆਦਰ ਕਰੇ। ਪਰ ਇਹ ਵੇਖ ਕੇ ਮੈਂ ਤੈਨੂੰ ਭੁਲਾ ਨਾ ਬੈਠਾਂ, ਕਿਤੇ ਤੂੰ ਮੈਨੂੰ ਵਿਸਰ ਨਾ ਜਾਏਂ ਕਿਤੇ ਤੇਰਾ ਨਾਮ ਮੇਰੇ ਚਿਤ ਵਿਚ ਟਿਕੇ ਹੀ ਨਾ।

ਕਿਉਂਕਿ ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾ) ਹੋਰ ਕੋਈ ਥਾਂ (ਭੀ) ਨਹੀਂ ਹੈ (ਜਿਥੇ ਉਹ ਸਾੜ ਮੁਕ ਸਕੇ)।

4. ਜੇ ਮੈਂ ਫੌਜਾਂ ਇਕੱਠੀਆਂ ਕਰ ਕੇ ਬਾਦਸ਼ਾਹ ਬਣ ਜਾਵਾਂ, ਜੇ ਮੈਂ (ਤਖਤ ਉਤੇ) ਬੈਠਾ (ਬਾਦਸ਼ਾਹੀ ਦਾ) ਹੁਕਮ ਚਲਾ ਸਕਾਂ, ਤਾਂ ਭੀ ਹੇ ਨਾਨਕ (ਇਹ ਸਭ ਕੁਝ ਵਿਅਰਥ ਹੈ। ਇਹ ਵੇਖ ਕੇ ਮੈਂ ਕਿਤੇ ਤੈਨੂੰ ਭੁਲਾ ਨਾ ਬੈਠਾਂ, ਕਿਤੇ ਤੂੰ ਮੈਨੂੰ ਵਿਸਰ ਨਾ ਜਾਏਂ, ਕਿਤੇ ਤੇਰਾ ਨਾਮ ਮੇਰੇ ਚਿਤ ਵਿਚ ਟਿਕੇ ਹੀ ਨਾ।

ਕਿਉਂਕਿ ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ ਕਿ ਪ੍ਰਭੂ ਤੋਂ ਵਿਛੜ ਕੇ ਜਿੰਦ ਸੜ ਬਲ ਜਾਂਦੀ ਹੈ (ਤੇ ਪ੍ਰਭੂ ਦੀ ਯਾਦ ਤੋਂ ਬਿਨਾਂ) ਹੋਰ ਕੋਈ ਥਾਂ (ਭੀ) ਨਹੀਂ ਹੈ। ਜਿਥੇ ਉਹ ਸਾੜ ਮੁਕ ਸਕੇ।

ਉਪਰੋਕਤ ਤਰਤੀਬ ਅਨੁਸਾਰ ਮਨ ਭਾਵ ਦੇ ਨਾਲ ਚਾਰ ਵਾਰ ਉਡਾਰੀ ਮਾਰਦਾ ਹੈ ਤੇ ਚਾਰ ਵਾਰ ਫਿਰ ਸਥਾਈ ਦੇ ਭਾਵ ਨਾਲ ਜੁੜਦਾ ਹੈ। ਇਸ ਤਰ੍ਹਾਂ ਭਾਵ ਬੜੀ ਭਾਰੀ ਸ਼ਕਤੀ ਨਾਲ ਮਨ ਤੇ ਅਸਰ ਕਰਦਾ ਹੈ। ਇਸ ਭਾਵ ਪ੍ਰਬੰਧ ਵਿਚ ਇਕ ਖਾਸ ਤਰ੍ਹਾਂ ਦਾ ਤਾਲ ਹੈ ਜੋ ਮਨ ਨੂੰ ਹੁਲਾਰਾ ਦਿੰਦਾ ਹੈ।

ਇਸ ਭਾਵ ਦਾ ਰਾਗ ਦੀਆਂ ਸੁਰਾਂ ਨਾਲ ਵੀ ਬੜਾ ਗੂੜ੍ਹਾ ਸੰਬੰਧ ਹੈ। ਇਸ ਲਈ ਇਹ ਸ੍ਰੀ ਰਾਗ ਵਿਚ ਹੀ ਗਾਇਆ ਜਾਣਾ ਚਾਹੀਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗੀਤ ਸੰਬੰਧੀ ਸਾਂਝੀਵਾਲਤਾ

— (ਆਵਤ ਸਿੰਘ, ਸੰਗੀਤ ਪ੍ਰੇਮੀ)

ਅੰਮ੍ਰਿਤ ਕੀਰਤਨ ਪਰਚੇ ਦਾ ਪਾਠਕ ਹੋਣ ਕਰਕੇ ਨਾਲ ਹੀ ਕੀਰਤਨ ਸੰਗੀਤ ਪ੍ਰੇਮੀ ਹੋਣ ਦੇ ਨਾਤੇ ਉਪਰਾਲਾ ਕੀਤਾ ਹੈ ਕਿ ਸੰਗੀਤ ਸੰਬੰਧੀ ਆਪਣੇ ਵਿਚਾਰ ਪਾਠਕਾਂ ਦੇ ਸਾਮਣੇ ਪੇਸ਼ ਕਰਾਂ।

ਗੁਰੂ ਸਾਹਿਬਾਨ ਨੇ ਜਿਥੇ ਬਾਣੀ ਦੇ ਨਾਲ ਸਾਂਝੀਵਾਲਤਾ ਪ੍ਰਦਾਨ ਕੀਤੀ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵਾਰਾਂ ਦੇ ਗਾਉਣ ਲਈ ਧਾਰਨਾਂ, ਤਰਜ਼ ਜਾਂ ਧੁਨਾਂ ਦਾ ਸੰਕੇਤ ਹੈ। ਐਸੀਆਂ 9 ਵਾਰਾਂ ਹਨ ਜਿਨ੍ਹਾਂ ਨੂੰ ਗਾਉਣ ਲਈ ਪੁਰਾਣੇ ਯੋਧਿਆਂ ਦੀਆਂ ਵਾਰਾਂ ਦੀਆਂ ਧੁਨੀਆਂ ਲਿਖੀਆਂ ਹਨ। ਇਨ੍ਹਾਂ ਧੁਨੀਆਂ ਦੇ ਸਿਰਲੇਖਾਂ ਵਿਚ ਕੁਝ ਕੁ ਮੁਸਲਮਾਨ ਯੋਧਿਆਂ ਦੇ ਨਾਮ ਹਨ। ਜਿਵੇਂ ਕਿ ਸਿਕੰਦਰ ਇਬਰਾਹੀਮ, ਮਹਿਮਾ ਤੇ ਹਸਨਾਂ, ਕਮਾਲਦੀ-ਮੌਜਦੀ ਭਾਵ (ਕਮਾਲ ਦੀਨ ਤੇ ਮੁਅਜ਼ੁਦੀਨ) ਆਦਿ। ਅੱਜ ਕੇਵਲ ਟੁੰਡੇ ਅਸਰਾਜੈ ਕੀ ਧੁਨੀ ਤੇ ਹੀ ਆਸਾ ਦੀ ਵਾਰ ਦਾ ਗਾਇਨ ਪ੍ਰਚਲਿਤ ਹੈ ਬਾਕੀ 8 ਧੁਨੀਆਂ ਅਲੋਪ ਹੋ ਗਈਆਂ ਹਨ। ਖੋਜ ਦੀ ਲੋੜ ਹੈ। ਵਾਰਾਂ ਦੀਆਂ ਧੁਨੀਆਂ ਦੇ ਨਾਂ ਇਸ ਪ੍ਰਕਾਰ ਹਨ।

1. ਮਾਝ ਕੀ ਵਾਰ -ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹਿਆ ਕੀ ਧੁਨੀ ਗਾਵਣੀ
2. ਗਉੜੀ ਕੀ ਵਾਰ -ਰਾਇ ਕਮਾਲ ਦੀ-ਮੌਜਦੀ ਕੀ ਧੁਨਿ ਉਪਰਿ ਗਾਵਣੀ
3. ਆਸਾ ਦੀ ਵਾਰ -ਟੁੰਡੇ ਅਸਰਾਜੈ ਕੀ ਧੁਨੀ
4. ਗੂਜਰੀ ਕੀ ਵਾਰ -ਸਿਕੰਦਰ ਬਿਰਾਹਿਮ ਕੀ ਧੁਨੀ ਗਾਉਣੀ
5. ਵਡਹੰਸ ਕੀ ਵਾਰ -ਲਲਾ ਬਹਿਲੀਮਾ ਕੀ ਧੁਨਿ ਗਾਵਣੀ
6. ਰਾਮਕਲੀ ਕੀ ਵਾਰ -ਜੋਧੈ ਵੀਰੈ ਪੂਰਬਾਣੀ ਕੀ ਧੁਨੀ
7. ਸਾਰੰਗ ਕੀ ਵਾਰ -ਰਾਇ ਮਹਿਮੇ ਹਸਨੇ ਕੀ ਧੁਨਿ
8. ਮਲਾਰ ਕੀ ਵਾਰ --ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ
9. ਕਾਨੜੇ ਕੀ ਵਾਰ -ਮੂਸੇ ਕੀ ਵਾਰ ਕੀ ਧੁਨਿ

## ਰਾਗਾਂ ਦਾ ਨਾਮਕਰਨ ਤੇ ਰਾਸ਼ਟਰੀਅਤਾ :

ਰਾਸ਼ਟਰੀ ਵਿਆਪਕਤਾ ਦੇ ਸੰਦਰਭ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਜੋ '31' ਰਾਗ ਅਤੇ ਰਾਗਨੀਆਂ ਦਰਜ ਹਨ ਉਨ੍ਹਾਂ ਦੇ ਨਾਵਾਂ ਵਿਚ ਸਮੁਚੇ ਭਾਰਤੀ ਰਾਸ਼ਟਰ ਦੇ ਦਰਸ਼ਨ ਹੁੰਦੇ ਹਨ। ਭਾਰਤ ਵਰਗੇ ਵਿਸ਼ਾਲ ਰਾਸ਼ਟਰ ਨੂੰ ਰਾਗਾਂ ਦੇ ਮਾਧਿਅਮ ਰਾਹੀਂ ਇਕੋ ਸੂਤਰ ਵਿਚ ਮਾਲਾਵਤ ਇਕੱਤਰ ਕਰਨ ਦਾ ਇਹ ਬੜਾ ਹੀ ਅਨੋਖਾ ਰੂਪ ਹੈ। ਨਾਮਕਰਣ ਦੀ

ਪਧਰ ਤੇ ਰਾਗਾਂ ਦਾ ਅਧਿਐਨ ਇਕ ਬੜਾ ਹੀ ਸੁਆਦਲਾ ਗਿਆਨ-ਦਾਇਕ ਵਿਸ਼ਾ ਹੈ। 31 ਰਾਗਾਂ ਵਿਚੋਂ ਬਹੁਤਿਆਂ ਦੇ ਨਾਮ ਪ੍ਰਾਚੀਨ ਤੇ ਮਧਕਾਲੀਨ ਭਾਰਤੀ ਪ੍ਰਾਂਤਾਂ ਦੇ ਨਾਵਾਂ ਦੇ ਅਧਾਰ ਤੇ ਹੀ ਰਖੇ ਗਏ ਹਨ। ਕੁਝ ਰਾਗਾਂ ਦੇ ਨਾਂ ਇਸ ਪ੍ਰਕਾਰ ਹਨ।

1. ਰਾਗ ਗਉੜੀ -ਗੌੜ ਜਾਂ ਗਉੜ ਪ੍ਰਾਚੀਨ ਭਾਰਤ ਦੇ ਪ੍ਰਾਂਤ ਬੰਗਾਲ ਤੇ ਉੜੀਸਾ ਨੂੰ ਕਿਹਾ ਜਾਂਦਾ ਸੀ।
2. ਗਉੜੀ ਮਾਲਵਾ-ਮਾਲਵਾ ਪ੍ਰਦੇਸ਼ ਉਜੈਨ ਨਗਰ ਦੇ ਇਰਦ-ਗਿਰਦ ਦਾ ਇਲਾਕਾ ਸੀ।
3. ਗੂਜਰੀ -ਗੂਜਰੀ ਜਾਂ ਗੁਰਜਰ ਆਧੁਨਿਕ ਗੁਜਰਾਤ ਦਾ ਪੁਰਾਣਾ ਨਾਂ ਸੀ।
4. ਸੋਰਠ -ਸੁਰਾਸ਼ਟਰ ਮਹਾਰਾਸ਼ਟਰ ਦਾ ਤਦਭਵੀ ਰੂਪ ਹੈ।
5. ਤਿਲੰਗ -ਤਿਲੰਗਾਨਾ ਦਾ ਪੰਜਾਬੀ ਰੂਪ ਹੈ। ਤੇਲਗੂ ਹੁਣ ਆਂਧਰਾ ਪ੍ਰਦੇਸ਼ ਹੈ।
6. ਰਾਗ ਮਾਰੂ -ਮਰੂ ਦੇਸ਼ ਦੇ ਨਾਮ ਅਨੁਸਾਰ ਅਜੋਕੇ ਰਾਜਸਥਾਨ ਨੂੰ ਕਿਹਾ ਜਾਂਦਾ ਸੀ।
7. ਤੁਖਾਰੀ -ਤੁਖਾਰ ਪੰਜਾਬ ਦੇ ਉਤਰ ਵਲ ਅਫਗਾਨਿਸਤਾਨ ਵਲ ਭਾਰਤੀ ਪ੍ਰਾਂਤ ਸੀ।
8. ਕਾਨੜਾ -ਕਨੜ ਪ੍ਰਦੇਸ਼ ਅਜਕਲ ਕਰਨਾਟਕ ਪ੍ਰਾਂਤ ਹੈ।
9. ਗੰਧਾਰੀ -ਗੰਧਾਰ ਅਫਗਾਨਿਸਤਾਨ ਦਾ ਅਜੋਕਾ ਕੰਧਾਰ ਹੀ ਹੈ।

ਭੂਗੋਲਿਕ ਪ੍ਰਾਚੀਨ ਤੇ ਆਧੁਨਿਕ ਨਾਵਾਂ ਦੇ ਅਧਾਰ ਤੇ ਬਾਕੀ ਰਾਗਾਂ ਦੀ ਨਾਵਾਂ ਦੇ ਅਧਾਰ ਤੇ ਖੋਜ ਦੀ ਲੋੜ ਹੈ।

—0—

# ਰਾਗ ਅਲਹੀਆ ਬਿਲਾਵਲ

ਭਾਈ ਕੁਲਵੰਤ ਸਿੰਘ ਚੰਦਨ, ਦਿੱਲੀ

**ਵਿਵਰਣ**— ਇਹ ਰਾਗ ਬਿਲਾਵਲ ਥਾਟ ਤੋਂ ਪੈਦਾ ਹੁੰਦਾ ਹੈ। ਇਸ ਰਾਗ ਦੇ ਆਰੋਹ ਵਿਚ ਮ ਸੁਰ ਵਰਜਿਤ ਹੈ ਇਸ ਲਈ ਇਸ ਰਾਗ ਦੀ ਜਾਤੀ ਸ਼ਾੜਵ-ਸੰਪੂਰਣ ਹੈ। ਇਸ ਰਾਗ ਵਿਚ ਧੈਵਤ (ਧ) ਸੁਰ ਵਾਦੀ ਅਤੇ ਗੰਧਾਰ (ਗ) ਸੁਰ ਸੰਵਾਦੀ ਹੁੰਦਾ ਹੈ। ਅਵਰੋਹ ਵਿਚ ਦੋਨੋ ਨੀ ਪ੍ਰਯੋਗ ਹੁੰਦੇ ਹਨ। ਇਸ ਰਾਗ ਦਾ ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

**ਆਰੋਹ**—ਸ, ਰੇ ਗ ਪ, ਧ ਨ਼ੀ ਸਂ।

**ਅਵਰੋਹ**—ਸਂ ਨ਼ੀ - ਧ ਨੀ ਧ ਪ, ਮ ਗ ਰੇਸਾ।

**ਪਕੜ** ਗ ਰੇ, ਗਪ, ਧ ਨੀ ਸਂ।

## ਇਸ ਰਾਗ ਦਾ ਸੁਰ ਵਿਸਤਾਰ

ਸਾ ਗਰੇ ਮਗ ਪ ਮ ਗ, ਰੇ ਗ ਰੇ ਸਾ।

ਗ ਰੇ ਗਾ ਪਾ, ਧ ਨ਼ੀ ਧ ਪ, ਮਗ, ਰੇ ਗ ਪ ਮ ਗ, ਰੇ ਸਾ।

ਗ ਰੇ ਗ ਪ ਧ ਨੀ ਸਂ।

ਸਂ ਨੀ ਸ ਰੇ - ਸਂ ਨੀ ਧ ਨ਼ੀ ਧ ਧ, ਮ ਗ, ਰੇ ਗਾ ਪ ਗ ਰੇ ਸਾ।

ਰਾਗ ਬਿਲਾਵਲ ਮਹਲਾ ੫

ਕਵਨ ਸੰਜੋਗ ਮਿਲਉ ਪ੍ਰਭ ਅਪਨੇ, ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥

ਚਰਨ ਕਮਲ ਪ੍ਰਭ ਕੇ ਨਿਤ ਧਿਆਵਉ, ਕਵਨ ਸੁਮਤਿ ਜਿਤੁ ਪ੍ਰੀਤਮ ਪਾਵਉ ॥ਰਹਾਉ॥

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ, ਹਰਿ ਨਾਨਕ ਬਿਸਰੁ ਨਾ ਕਾਹੂ ਬੇਰੇ ॥

## ਸੁਰ ਲਿਪੀ ਰਾਗ ਅਲਹੀਆ ਬਿਲਾਵਲ

ਸਥਾਈ

| 1 | 2 | 3 | 4 | 5 | 6 | 7 |
|---|---|---|---|---|---|---|
| X | | | 2 | | 3 | |
| ਗ | ਰੇ | ਮ | ਗ | ਰੇ | ਸਾ | ਸਾ |
| ਚਰ | ਨ | ਕ | ਮ | ਲ | ਪ੍ਰ | ਭ |
| ਪ | ਰੇ | ਗ | ਮ | ਪ | ਮ | ਗ |
| ਕੇ | ਨਿ | ਤੁ | ਧਿਆ | S | ਵਓ | S |
| ਗ | ਗ | ਗ | ਰੇ | ਗ | ਮਧ | ਪ |
| ਕਵ | ਨ | ਸੁ | ਮ | ਤ | ਜS | ਤ |
| ਗ | ਗ | ਗ | ਗਰੇ | ਗਰੇ | ਸਾ | ਸਾ |
| ਪ੍ਰੀ | S | ਤਮ | ਪਾS | SS | ਵਓ | S |
| ਅੰਤਰਾ | | | | | | |
| ਪਾ | ਘਾ | ਪਾ | ਨੀ | ਧ | ਨੀ | ਨੀ |
| ਕਵ | ਨ | ਸੰ | ਜੋ | S | ਗ | ਮਿ |
| ਸੰ | ਸੰ | ਸੰ | ਨੀ | ਰੇਂ | ਸਾਂ | ਸਾਂ |
| ਲਉ | ਪ੍ਰ | ਭ | ਅ | ਪ | ਨੇ | S |
| ਨੀ | ਨੀ | ਨੀ | ਸੰ | ਸੰ | ਧਨੀ | ਪ |
| ਪਲ | ਪ | ਲ | ਨਿ | ਮ | ਖS | ਸ |
| ਗ | ਮ | ਰੇਗ | ਮ | ਪ | ਮ | ਗ |
| ਦਾ | S | ਹਰ | ਜ | ਪ | ਨੇ | S |
| X | | | 2 | | 3 | |

# ਰਾਗ ਤੁਖਾਰੀ

ਜਾਤੀ—ਔੜਵ ਸੰਪੂਰਣ ਵਾਦੀ—ਪ

ਸਮਾਂ –ਪਹਿਲਾ ਪਹਿਰ ਦਿਨ ਸਮਵਾਦੀ – ਸ

ਵਰਜਿਤ ਸੁਰ—ਰੇ ਤੇ ਧ ਆਰੋਹ ਵਿਚ

ਲਗਦੇ ਸੁਰ—ਗੁ ਕੋਮਲ, ਮੇ ਤੀਬਰ, ਨੀ ਦੋਨੋਂ, ਬਾਕੀ ਸੁਰ ਸ਼ੁਧ

ਆਰੋਹ – ਨ਼ ਸਾ ਗੁ ਮੇ ਪ ਨੁੀ ਧ ਪ ਮੇ ਪ ਨੀ ਸਂ ।

ਅਵਰੋਹ —ਸਾ਼ ਨੁੀ ਧ ਪ ਮੇ ਗੁ ਰੇ ਸਾ ॥

ਪਕੜ –ਨ਼ ਸ, ਗੁ, ਮੇ ਪ, ਧ, ਨੁ ਪ, ਗੁ, ਰ ਸ ਨ਼, ਸ

ਤਾਲ ਕਹਿਰਵਾ

### ਤੁਖਾਰੀ ਛੰਤ ਮਹਲਾ ੧ ਬਾਰਾਮਾਹਾਂ (1108)

ਸਾਵਣਿ ਸਰਸ ਮਨਾ, ਘਣ ਵਰਸਹਿ ਰੁਤਿਆਏ ॥
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥

ਸੇਜ ਇਕੇਲੀ, ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਇ ॥
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ, ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੁਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ॥੬॥

ਹਰਭਜਨ ਸਿੰਘ ਚੋਪੜਾ

| | | | | | | | | |
|---|---|---|---|---|---|---|---|---|
| ਤਾਲੀ | × | | ਦ | | 0 | | 3 | |
| ਮਾਤਰੇ | 1 | 2 | 3 | 4 | 5 | 6 | 7 | 8 |
| ਸਥਾਈ | | | | | | | | |
| (A) | — | ਨੁ | ਧ | ਪ | ਗੁ | ਗੁ | ਮੇ | ਮੇ |
| | S | ਸਾ | ਵ | ਣਿ | ਸ | ਰ | ਸ | ਮ |
| | ਪ | — | — | — | ਮੇ | ਗੁ | ਰੇ | ਸ |
| | ਨਾ | S | S | S | S | S | S | S |
| (B) | — | ਸ | ਗੁ | ਮੇ | ਪ | - - | ਨੋ | ਨ |
| | S | ਘਣਿ | ਵ | ਰ | ਸਹਿ | S | ਰੁ | ਤਿ |
| | ਸੰ | — | — | — | ਨੁ | ਧ | ਪ | — |
| | ਆ | S | S | S | ਏ | S | S | S |

(A ਤੇ B ਰਲਾ ਕੇ ਗਾਓ)

| | | | | | | | | |
|---|---|---|---|---|---|---|---|---|
| (C) | ਪ | ਨੁ | ਧ | ਪ | ਗੁ | ਗੁ | ਮੇ | — |
| | ਮੈ | ਮਨਿ | ਤ | ਨਿ | ਸ | ਹੁ | ਭਾ | S |
| | ਪ | — | — | — | ਮੇ | ਗੁ | ਰ | ਸ |
| | ਵੈ | S | S | S | S | S | S | S |
| (D) | — | ਸ | ਗੁ | ਮੇ | ਪ | — | ਨ | ਨ |
| | S | ਪਿਰ | ਪ | ਰ | ਦੇ | S | ਸਿ | ਸਿ |
| | ਸੰ | — | — | — | ਨੁ | ਧ | ਪ | — |
| | ਧਾ | S | S | S | ਏ | S | S | S |
| ਅੰਤਰਾ | ਪ | ਪ | ਨ | ਨ | ਸੰ | — | ਸੰ | — |
| (E) | ਪਿਰ | ਘਰਿ | ਨ | ਹੀ | ਆ | S | ਵੈ | S |
| | — | ਨ | ਸੰ | ਗੁੰ | ਰੰ | — | ਸੰ | — |
| | S | ਮ | ਰੀ | ਐ | ਹਾ | S | ਵੈ | S |
| (F) | — | ਗੁੰ | ਗੁੰ | ਗੁੰ | ਰੰ | ਰੰ | ਸੰ | ਰੰ |
| | S | ਦਾ | ਮ | ਨਿ | ਚ | ਮ | ਕਿ | ੜ |
| | ਨ | — | ਸੰ | — | ਨੁ | ਧ | ਪ | — |
| | ਰਾ | S | ਏ | S | S | S | S | S |

ਅਗੇ 'ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ' (E ਤੇ F) ਅੰਤਰੇ ਤੇ ਗਾਓ ॥

(ਧੰਨਵਾਦ ਸਹਿਤ, ਮਾਸਟਰ ਨਿਹਾਲ ਸਿੰਘ)

# Ragi Jatha of Bhai Santa Singh

—Dr Jagir Singh

The ragi Jatha of Bhai Santa Singh was one of the very popular Jathas of his time. The Jatha got its fame due to its rendering of the kirtan in its high and melodious voice. Bhai Santa Singh's voice had a touch of feminality, as a result, he mostly based to sing in the Tar Saptak. His reets (tune) were mostly based on the old and classical ragas.

He was born in 1902. He got his training in music from the orphanage at Amritsar. He took instructions under famous Kirtan teacher Master Sai Ditta.

Bhai Santa Singh formed a ragi jatha along with Bhai Surjan Singh. When he started singing at the Gurdwara Baba Attal, the sangat was highly appreciative. His turn for kirtan would fall at 4 in the morning. Even at that early hour, the peripherp or the Parikarma of the gurdwara would be fully occupied by the devout audience.

Due to certain reasons he left performing Kirtan for some time after 1947 and become a contractor. But an artist can never be a contractor, so he was completely unsuccessfull. He realised that he was not born to be a contracter but to serve the people through music. Oncc again he entered the field of kirtan.

This time he formed a ragi jatha along with his brothers. He left Amritsar and settled at Delhi and started serving Gurdwara Sis Ganj through his Kirtan. He got both name and fame in the field of Kirtan while serving at Gurdwara Sis Ganj. The devout listeners would always be ready to serve him any way.

Once he was walking towards his home after Kirtan. A member of the audience met him on the way. He asked him, "Why are you going on foot, Bhai Sahib ?"

The Bhai replied, "Taxi is very expensive and I feel suffocated in the crowded Buses, hence I walk to and for."

The wealthy listener had very regards for Bhai Sahib. The same evening he presented his own car to the Bhai.

Some of the scholar believe that the style of Bhai Santa Singh's Kirtan was magical and could cast a spell on the audience Not to talk of human biengs, even celestial audience would spell bound.

Once was facing draught. People were praying for food and water. Bhai Santa Singh sang the following hymn from the holy Guru Granth Sahib :

Sabhe Jee Samal Apni Meher Kar.
Ann Pani Much Upaye
Dukh Dalid Bhanitar.

(O Lord : have mercy and save all the living beings. Be kind and bless us with food and water. Let greif and poverty vanish.)

He sang hymn with so deep sense of anguish and emotions that months draught ended.

During one of his Kirtan Sessions at the time of perfomence of last rights he sang the following hymn :

"Baba Bikh Dekhya Sansar.
Rakhiya Karo Gusain Mere
Mein Naam Tera Adhaar."

(O father : the world is seen to be a poisoned. Save me my Lord : I depute only on thy name)

The tune of this hymn deeply emotional and it arose so deep pathos in the minds of all the audience that all the eyes were full of tears.

We get few gramophone records of the hymns sung by Bhai Santa Singh. Their tunes have the captivating power and remain impressive ever today.

—Bhinni rainerie chamkan tare.
—Bali rove nahen bhatar
Nanak Dukhiya sabh sansar

It is true that his audience showerd enough wealth before him, but he did not let his art be influence by wealth; neither did he rever pray mentioning names of individuals.

He expired on 16th November, 1966 but he remains immortal because of his art. His family members are following the style taught by him.

# राग आसा

**साधारन परिचय** :-यह बिलावल थाट का राग है। इसमें सब स्वर शुद्ध लगते हैं, परन्तु कभी-कभी अवरोह में कुछ विद्वान् कोमल नी का प्रयोग कर लेते हैं। आरोह में ग और नी वर्जित होने के कारण इसकी जाति औडव-सम्पूर्ण मानी जाती है। यह राग प्रातःकाल और सायं:काल गया जाता है।

**आरोह** स रे म प ध सं।

**अवरोह**—सं नी ध, प म, ग रे स।

**पकड़**—रे म प ध, सं, संनी सं ध।

# आसा महला 5

**स्थाई** – हरि हरि नामु अमोला
ओहु सहजि सुहेला (रहाउ)

**अन्तरा** (1) संगि सहाई छोडि न जाई
ओहु अगह अतोला

(2) प्रीतमु भाई बापु मेरो माई
भगतन का ओहला

(3) अलखु लखाइआ गुर ते पाइआ
नानक इहु हरि का चोला

## (स्थाई) स्वर लिपि (तीन ताल)

| 1<br>x | 2 | 3 | 4 | 5<br>2 | 6 | 7 | 8 | 9<br>0 | 10 | 11 | 12 | 13<br>3 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | —<br>— | रेरे<br>हरि | -म<br>S | -म<br>Sरि | प<br>ना | —<br>S | ध<br>मु | ध<br>अ |
| सं<br>मो | —<br>S | —<br>S | —<br>S | संनी<br>लाS | संनी<br>SS | ध<br>S | —<br>S | प<br>ओहु | संसं<br>सह | -सं<br>Sजि | -सं<br>Sसु | संनी<br>हेS | संनी<br>SS | ध<br>ला | ध<br>S |
| प<br>S | पध<br>नाS | -म<br>Sम | -म<br>Sअ | पम<br>मोS | पम<br>SS | रे<br>ला | स<br>S | —<br>S | | | | | | | |

अन्तरा-1

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | प | ध | ध | सं | — | सं | — |
| | | | | | | | | | सं | गि | स | हा | S | ई | S |
| — | सं | रें | सं | संरें | गंरें | सं | नी | ध | संसं | -सं | -सं | संनी | संनी | ध | ध |
| S | छो | डि | न | जाS | SS | ई | S | ओहु | अग | Sह | Sअ | तोS | SS | ला | S |
| प | पध | -म | -म | पम | पम | रे | स | — | | | | | | | |
| S | नाS | Sम | Sअ | मोS | SS | ला | S | S | | | | | | | |

अन्तरा-2

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | प | ध | ध | सं | — | सं | सं |
| | | | | | | | | | प्री | त | म | भा | S | ई | बा |
| रें | रें | रें | सं | संरें | गंरें | सं | नी | ध | संसं | संसं | सं | संनी | संनी | ध | — |
| S | पु | मे | रो | माS | Ss | ई | S | S | भग | तन | का | ओS | Sह | ला | S |
| प | पध | -म | -म | पम | पम | रे | स | — | | | | | | | |
| S | नाS | Sमु | Sअ | मोS | SS | ला | S | S | | | | | | | |

अन्तरा-3

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | पप | -ध | -ध | सं | — | सं | — |
| | | | | | | | | | अल | Sखु | Sल | खा | S | इआ | S |
| - | संसं | रें | - | संरें | गंरें | सं | संनी | ध | सं | सं | सं | संनी | संनी | ध | ध |
| S | गुर | ते | S | पाS | इS | आ | S | S | ना | न | क | इS | हुS | ह | रि |
| — | पध | म | — | पम | पम | रे | स | — | | | | | | | |
| S | काS | चो | S | लाS | SS | S | S | S | | | | | | | |


# Vishal Property Promotres

Quiet Office 4, Sector 35, Chandigarh

For Purchase of beautiful Bunglows, Farm Houses & Industrial Units

Contact Prof. GURCHARN SINGH

Phone Off. : 31152, Resi 33235

# ਕੀਰਤਨ ਕੈਸੱਟਾਂ

## ਤੱਤੀ ਤਵੀ ਤੋਂ ਠੰਢੇ ਬੁਰਜ ਤੱਕ

(ਸਿੱਖ ਕੌਮ ਦੀਆਂ ਕੁਰਬਾਨੀਆਂ ਦੀ ਗਾਥਾ)

ਪਿਛਲੇ ਦਿਨੀ ਲੁਧਿਆਣਾ ਦੀ ਰਿਕਾਰਡਿੰਗ ਕੰਪਨੀ ਇੰਡੀਅਨ ਮੈਲਡੀਜ਼ ਵਾਲਿਆਂ ਨੇ ਭਾਈ ਇਕਬਾਲ ਸਿੰਘ, ਅਵਤਾਰ ਸਿੰਘ ਦੀ ਅਵਾਜ਼ ਵਿਚ ਗਾਏ ਸਿੱਖ ਕੌਮ ਦੀਆਂ ਕੁਰਬਾਨੀਆਂ ਬਾਰੇ ਗੀਤਾਂ ਦੀ ਕੈਸਟ 'ਤੱਤੀ ਤਵੀ ਤੋਂ ਠੰਡੇ ਬੁਰਜ ਤੱਕ' ਟਾਈਟਲ ਹੇਠ ਰਿਲੀਜ਼ ਕੀਤੀ ਹੈ। ਹਰੇਕ ਗੀਤ ਤੋਂ ਪਹਿਲਾਂ ਗੁਰਦੇਵ ਢਿੱਲੋਂ ਦੀ ਕੁਮੈਂਟਰੀ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ। ਜਿਥੇ ਗੀਤਕਾਰ ਕਰਨੈਲ ਸਿੰਘ ਸਿਵੀਆ ਨੇ ਇਸ ਪ੍ਰਸੰਗ ਨੂੰ ਤਿਆਰ ਕਰਨ ਲੱਗਿਆਂ ਪੂਰੀ ਮਿਹਨਤ ਕੀਤੀ ਹੈ, ਉਥੇ ਸੰਗੀਤਕਾਰ ਅਤੁੱਲ ਸ਼ਰਮਾ ਨੇ ਵੀ ਕੋਈ ਕਸਰ ਨਹੀਂ ਛੱਡੀ।

ਭਾਈ ਇਕਬਾਲ ਸਿੰਘ, ਅਵਤਾਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਾਰੇ ਹੀ ਗੀਤ ਇਨੇ ਵਧੀਆ ਅੰਦਾਜ਼ ਵਿਚ ਗਾਏ ਹਨ ਕਿ ਹਰ ਗੀਤ ਵਾਰ ਵਾਰ ਸੁਣਨ ਨੂੰ ਜੀਅ ਕਰਦਾ ਹੈ। ਕੁਮੈਂਟਰੀ ਅਤੇ ਗੀਤਾਂ ਰਾਹੀਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਪਰਿਵਾਰ ਵਿਛੋੜੇ, ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਵਰਨਣ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

## ਰਾਜ ਕਰੇਗਾ ਖਾਲਸਾ

ਲੁਧਿਆਣੇ ਦੀ ਐਮ. ਵੀ. ਆਈ. ਕੰਪਨੀ ਨੇ ਜਿਥੇ ਸਥਾਪਤ ਰਾਗੀਆਂ ਦੀਆਂ ਚੰਗੀਆਂ ਕੀਰਤਨ ਕੈਸਟਾਂ ਤਿਆਰ ਕੀਤੀਆਂ ਉਥੇ ਨਵੇਂ ਰਾਗੀਆਂ ਦੇ ਕੀਰਤਨ ਨੂੰ ਵੀ ਸਰੋਤਿਆਂ ਤਕ ਪੁਚਾਉਣ ਦਾ ਉਪਰਾਲਾ ਕੀਤਾ। ਸੁਚੱਜੇ ਸੰਗੀਤ ਅਤੇ ਆਕਰਸ਼ਕ ਡਿਜ਼ਾਈਨ ਕਵਰ ਕਾਰਨ ਵੀ ਹੋਈ ਭਾਰੀ ਕਾਮਯਾਬੀ ਨੂੰ ਵੇਖਦਿਆਂ ਹੁਣ ਲੁਧਿਆਣੇ ਅਤੇ ਹੋਰ ਸ਼ਹਿਰਾਂ ਵਿਚ ਅਨੇਕਾਂ ਕੈਸਟਾਂ ਕੰਪਨੀਆਂ ਹੋਂਦ ਵਿਚ ਆ ਗਈਆਂ ਹਨ।

ਐਮ. ਵੀ. ਆਈ. ਨੇ ਚੰਡੀਗੜ ਅਤੇ ਮੁਹਾਲੀ ਦੇ ਇਲਾਕੇ ਦੇ ਉਭਰ ਰਹੇ ਕੀਰਤਨੀਏ ਭਾਈ ਬਲਵਿੰਦਰ ਸਿੰਘ ਦੀ ਇਕ ਕੈਸਟ ਤਿਆਰ ਕੀਤੀ ਹੈ। ਇਨ੍ਹਾਂ ਨਾਲ ਭਾਈ ਮੁਹਿੰਦਰ ਸਿੰਘ ਜੀ ਕਾਫੀ ਪੁਰਾਣੇ ਅਤੇ ਸੁਲਝੇ ਹੋਏ ਤਬਲਾ ਵਾਦਕ ਹਨ। ਇਸ ਕੈਸਟ ਵਿਚ ਚਾਰ ਸ਼ਬਦ ਗਾਇਨ ਕੀਤੇ ਗਏ ਹਨ -1. ਤਬੀ ਚਲਾਇਓ ਪੰਥ, 2. ਸ਼ੁਭ ਕਰਮਨ ਤੇ ਕਬਹੂ ਨਾ ਟਰੋਂ, 3. ਤੇਰੀ ਚਾਲ ਸੁਹਾਵੀ 4. ਤਿਸ ਕਾ ਕੀਆ ਸਭ ਪਰਵਾਨ।

ਭਾਈ ਬਲਵਿੰਦਰ ਸਿੰਘ ਪੂਰਾ ਤਾਣ ਲਾ ਕੇ ਕੀਰਤਨ ਕਰਦੇ ਹਨ। ਜੇ ਉਹ ਆਪਣੇ ਸਾਹ ਉਤੇ ਕਾਬੂ ਪਾ ਕੇ ਸੁਰ ਦਾ ਖੂਬ ਰਿਆਜ਼ ਕਰਨ ਤਾਂ ਉਨ੍ਹਾਂ ਦੇ ਕੀਰਤਨ ਦਾ ਪ੍ਰਭਾਵ ਵਧਣ ਦੀ ਸੰਭਾਵਨਾ ਹੈ। ਭਾਵੇਂ ਇਸ ਕੈਸਟ ਵਿਚ ਗਾਏ ਸ਼ਬਦ ਸਾਧਾਰਨ ਰੀਤਾਂ ਅਨੁਸਾਰ ਹੀ ਹਨ ਪਰ 'ਸੁਭ ਕਰਮਨ ਤੇ ਕਬਹੂ ਨਾ ਟਰੋਂ' ਸ਼ਬਦ ਨੂੰ ਰਾਗ ਦਰਬਾਰੀ ਵਿਚ ਗਾਇਨ ਕਰਕੇ ਸੰਗੀਤ ਸੂਝ ਦਾ ਸਬੂਤ ਦਿੱਤਾ ਗਿਆ ਹੈ।

ਕਵਰ ਡਿਜ਼ਾਈਨ ਬਣਾਉਣ ਵੇਲੇ ਗੁਰਬਾਣੀ ਦੇ ਸ਼ਬਦ ਜੋੜਾਂ ਦਾ ਧਿਆਨ ਰਖਿਆ ਜਾਣਾ ਚਾਹੀਦਾ ਹੈ। ਇਸ ਕੈਸਟ ਵਿਚ ਵੀ 'ਤੇਰੀ ਚਾਲ ਸੁਹਾਵੀ' ਦੀ ਥਾਂ 'ਸੁਹਾਣੀ' ਛਪਿਆ ਹੋਇਆ ਹੈ। ਸਮੁੱਚੇ ਰੂਪ ਵਿਚ ਇਕ ਨਵੇਂ ਕੀਰਤਨੀਏ ਦੀ ਕੈਸਟ ਤਿਆਰ ਕਰਨ ਕਰ ਕੇ ਐਮ ਵੀ. ਆਈ. ਦੀ ਸ਼ਲਾਘਾ ਕਰਦਿਆਂ ਇਸ ਕੈਸਟ ਦੀ ਕਾਮਯਾਬੀ ਦੀ ਕਾਮਨਾ ਕਰਦੇ ਹਾਂ।

ਜ.ਸ.

## ਬੀਬੀ ਤੇਜਿੰਦਰ ਕੌਰ

ਗੁਰਬਾਣੀ ਕੀਰਤਨ ਦੇ ਖੇਤਰ ਵਿਚ ਇਸਤਰੀ ਗਾਇਕਾਂ ਦੀ ਗਿਣਤੀ ਨਾ ਹੋਣ ਬਰਾਬਰ ਹੈ। ਅੰਮ੍ਰਿਤਵਾਣੀ ਰਾਹੀਂ ਰਿਲੀਜ਼ ਕੀਤੀ ਬੀਬੀ ਤੇਜਿੰਦਰ ਕੌਰ ਦੀ ਕੈਸਟ ਵੇਖਕੇ ਪ੍ਰਸੰਨਤਾ ਹੋਈ। ਇਸ ਕੈਸਟ ਵਿਚ ਅੱਠ ਸ਼ਬਦ ਗਾਇਨ ਕੀਤੇ ਗਏ ਹਨ :

ਮਿਟੀ ਧੁੰਧ ਜਗਿ ਚਾਨਣ ਹੋਆ, ਜੈਸੀ ਭੁਖੈ ਪ੍ਰੀਤਿ ਅਨਾਜ, ਬਹਿਰਾ ਹੋਆ ਕਾਨ, ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ, ਜਾਚਿਕ ਮੰਗੈ ਦਾਨ, ਮਨਿ ਸਾਂਤਿ ਆਈ ਵਜੀ ਵਧਾਈ, ਸਤਿਗੁਰ ਆਇਓ ਸਰਣਿ ਤੁਮਾਰੀ ਅਤੇ ਮੈ ਬਨਜਾਰਿਨ ਰਾਮ ਕੀ।

ਇਸ ਕੈਸਟ ਵਿਚ ਗਾਏ ਸ਼ਬਦਾਂ ਦੀਆਂ ਧੁਨਾਂ ਵਿਚ ਮੌਲਿਕਤਾ ਦੀ ਘਾਟ ਹੈ। ਲਗਭਗ ਸਾਰੇ ਸ਼ਬਦ ਇਧਰੋਂ-ਉਧਰੋਂ ਲਈਆਂ ਧੁਨਾਂ ਉਪਰ ਗਾਇਨ ਕੀਤੇ ਹਨ। ਸੰਗੀਤ ਨਿਰਦੇਸ਼ਕ ਨੇ ਵੀ ਬੀਬੀ ਜੀ ਦੀ ਪ੍ਰਤੀਭਾ ਨੂੰ ਸਾਹਮਣੇ ਨਹੀਂ ਆਉਣ ਦਿੱਤਾ। ਗਾਇਕਾ ਅਤੇ ਸੰਗੀਤਕਾਰਾਂ ਨੇ ਜਿਸ ਮਿਹਨਤ ਨਾਲ ਇਹ ਕੈਸਟ ਬਣਾਈ ਹੈ ਉਸ ਤੋਂ ਉਨ੍ਹਾਂ ਦੀ ਸੰਗੀਤ ਸੂਝ ਤਾਂ ਪ੍ਰਗਟ ਹੁੰਦੀ ਹੈ। ਜੇ ਉਨ੍ਹਾਂ ਗੁਰਮਤਿ ਸੰਗੀਤ ਪ੍ਰੰਪਰਾ ਦਾ ਅਧਿਐਨ ਅਤੇ ਗੁਰਮਤਿ ਸੰਗੀਤ ਅਨੁਸਾਰ ਗਾਇਨ ਕਰਨ ਵਾਲੇ ਕੀਰਤਨੀਆਂ ਨੂੰ ਸੁਣਿਆ ਹੋਵੇ ਤਾਂ ਇਤਨੀ ਮਿਹਨਤ ਨਾਲ ਹੀ ਇਹ ਗੁਰਬਾਣੀ ਕੀਰਤਨ ਦੇ ਖੇਤਰ ਵਿਚ ਕਾਮਯਾਬ ਹੋ ਸਕਦੇ ਹਨ। ਗੁਰਬਾਣੀ ਦੇ ਲਗਭਗ ਸਾਰੇ ਸ਼ਬਦਾਂ ਦੀਆਂ ਸਥਾਈਆਂ, ਅੰਤਰੇ, ਰਾਗ ਅਤੇ ਕਿਤੇ ਕਿਤੇ ਧੁਨਾਂ ਵੀ ਨਿਸ਼ਚਿਤ ਕੀਤੀਆਂ ਹੋਈਆਂ ਹਨ। ਅੱਜ ਕੱਲ ਜਦੋਂ ਪੁਰਾਤਨ ਵਸਤਾਂ ਦੀ ਸੰਭਾਲ ਲਈ ਉਚੇਚੇ ਯਤਨ ਕੀਤੇ ਜਾ ਰਹੇ ਹਨ, ਗੁਰਮਤਿ ਸੰਗੀਤ ਸ਼ੈਲੀ ਨੂੰ ਵੀ ਸੰਭਾਲਣ ਦੀ ਬੜੀ ਲੋੜ ਹੈ।

ਜ. ਸ.

## ਜਪੁ-ਵਾਹਿਗੁਰੂ

"ਜਪੁ ਵਾਹਿਗੁਰੂ" ਸੁਰਲੋਕ ਕੰਪਨੀ ਦਿੱਲੀ ਦੀ ਪਹਿਲੀ ਕੈਸਟ ਹੈ, ਜਿਸ ਵਿਚ ਸ਼ਬਦਾਂ ਦੀਆਂ 4 ਵੰਨਗੀਆਂ ਨੂੰ ਲਿਆ ਹੈ। ਏ ਸਾਈਡ ਵਿਚ ਜਪੁ ਵਾਹਿਗੁਰੂ ਅਤੇ ਬੀ ਸਾਈਡ ਵਿਚ "ਜਾਨ ਲਿਓ ਮਨ ਮਾਹੀ" "ਮੇਰਾ ਮਨ ਲੋਚੇ ਗੁਰ ਦਰਸਨ ਤਾਈ" ਅਤੇ ਕੋਈ ਨਾਓਂ ਨਾ ਜਾਨੇ ਮੇਰਾ" ਸ਼ਬਦ ਲਏ ਹਨ। ਕੱਵਾਲਾਂ ਕੋਲੋਂ ਸ਼ਬਦ ਕਹਾ ਕੇ ਸੁਰਲੋਕ ਕੰਪਨੀ ਨੇ ਇਕ ਨਵਾਂ ਤਜਰਬਾ ਕਰਕੇ ਚੰਗੀ ਵਾਹ ਵਾਹ ਖੱਟੀ ਹੈ। ਚਾਂਦ ਅਫਜ਼ਲ ਤੇ ਸਾਥੀਆਂ ਦੇ ਸ਼ਬਦਾਂ ਨੂੰ ਕਹਿਣ ਦਾ ਅੰਦਾਜ਼ ਤੇ ਉਤਰਾਅ ਚੜ੍ਹਾਅ ਵਾਕਿਆ ਹੀ ਪ੍ਰਸ਼ੰਸਾ ਯੋਗ ਹੈ। ਸੁਰਲੋਕ ਕੰਪਨੀ ਦਾ ਕਹਿਣਾ ਹੈ ਕਿ ਉਹ ਅਜਿਹੀਆਂ ਨਵੀਆਂ ਤੋਂ ਨਵੀਆਂ ਤੇ ਵੱਖਰੇ ਕਿਸਮ ਦੀਆਂ ਕੈਸਟਾਂ ਕੱਢ ਕੇ ਸਰੋਤਿਆਂ ਨੂੰ ਨਵੀਂ ਚੀਜ਼ ਦੇਣਾ ਚਾਹੁੰਦੀ ਹੈ। ਕੈਸਟ ਦੀ ਮਾਰਕੀਟ ਵਿਚ ਆਉਣ ਦੀ ਦੇਰ ਹੀ ਸੀ ਕਿ ਇਕ ਲਾਟ ਤਾਂ ਹੱਥੋ ਹੱਥ ਵਿਕ ਤੁਰਿਆ। ਕੈਸਟ ਦੀ ਬੀ ਸਾਈਡ ਵਿਚ ਕਿਤੇ ਕਿਤੇ ਤਬਲੇ ਦੀ ਧਮਕ ਆਵਾਜ਼ ਤੋਂ ਵੀ ਭਾਰੀ ਹੋਣਾ ਭੱਦਾ ਜਿਹਾ ਜਾਪਿਆ ਹੈ। ਰਿਕਾਰਡਿੰਗ ਪੱਖੋਂ ਕੰਪਨੀ ਨੇ ਕਿਤੇ ਮਾਰ ਨਹੀਂ ਖਾਧੀ। ਜੇਕਰ ਕੰਪਨੀ ਥੋੜ੍ਹਾ ਹੋਰ ਗਹੁ ਨਾਲ ਕੈਸਟਾਂ ਵੱਲ ਸਮੁੱਚਾ ਧਿਆਨ ਦੇਵੇ ਤਾਂ ਕੰਪਨੀ ਦਾ ਇਕ ਨਵਾਂ ਤਜਰਬਾ ਸਰੋਤਿਆਂ ਵਿਚ ਕਾਫੀ ਹਰਮਨ ਪਿਆਰਾ ਹੋ ਸਕਦਾ ਹੈ।

ਬਲਵਿੰਦਰ ਸੋਢੀ

# ਸੁਬਹੁ ਨਿਵਾਜ ਗੁਜਾਰਿ

ਭਾਈ ਅਮਰਜੀਤ ਸਿੰਘ (ਦੇਹਰਾਦੂਨ ਵਾਲੇ)

ਪਟਿਆਲੇ ਦੀ ਕੰਪਨੀ ਪ੍ਰੀਤ ਮਿਊਜ਼ਿਕ ਆਫ ਪੰਜਾਬ ਨੇ ਭਾਈ ਅਮਰਜੀਤ ਸਿੰਘ ਦੇ ਗਾਏ ਸ਼ਬਦਾਂ ਦੀ ਕੈਸਟ ਰਿਲੀਜ਼ ਕੀਤੀ ਹੈ। ਇਸ ਦੀ ਏ ਸਾਈਡ ਵਿਚ ਮੂਲ ਮੰਤਰ ਤੋਂ ਬਾਦ 'ਸੁਬਹੁ ਨਿਵਾਜ ਗੁਜਾਰਿ' ਅਤੇ ਬੀ ਸਾਈਡ ਤੇ ਮਿਲ ਮੇਰੇ ਗੋਬਿੰਦ ਆਪਨਾ ਨਾਮੁ ਦੇਹੁ' ਗਾਇਨ ਕਰਨ ਉਪਰੰਤ ਦੇਹ ਸਿਵਾ ਬਰ ਮੋਹਿ ਇਹੈ ਸ਼ਬਦ ਗਾਇਨ ਕੀਤਾ ਹੈ। ਸ਼ਬਦਾਂ ਦੇ ਨਾਲ ਢੁਕਵੇਂ ਪ੍ਰਮਾਣ ਅਤੇ ਵਿਆਖਿਆ ਵੀ ਕੀਤੀ ਗਈ ਹੈ।

ਜਦੋਂ ਥੋੜੀ ਮਿਹਨਤ ਅਤੇ ਸੌਖੇ ਤਰੀਕੇ ਨਾਲ ਮਨ ਇਛਤ ਫਲ ਪ੍ਰਾਪਤ ਹੋਣ ਲੱਗ ਪੈਣ ਤਾਂ ਲੋਕ ਮਿਹਨਤ ਵਾਲਾ ਰਾਹ ਛੱਡ ਦਿੰਦੇ ਹਨ। ਇਹੀ ਹਾਲ ਗੁਰਮਤ ਸੰਗੀਤ ਦੇ ਖੇਤਰ ਵਿਚ ਹੋਇਆ ਭਾਂਤ ਭਾਂਤ ਦੇ ਕਲਾਸੀਕਲ ਰਾਗਾਂ, ਤਾਲਾਂ ਅਤੇ ਗਾਇਨ ਸ਼ੈਲੀਆਂ ਵਿਚ ਉਚਾਰੀ ਬਾਨੀ ਅਜਕਲ ਚਲੰਤ ਕਹਿਰਵਾ ਤਾਲ ਅਤੇ ਸੀਮਤ ਸੁਰਾਂ ਉੱਤੇ ਗਾਉਣ ਦਾ ਰਿਵਾਜ ਪੈ ਗਿਆ ਹੈ। ਪਰ ਕਮਾਲ ਦੀ ਗੱਲ ਹੈ ਕਿ ਇਸ ਤਰ੍ਹਾਂ ਦਾ ਸਧਾਰਨ ਕੀਰਤਨ ਕਰਨ ਵਾਲੇ ਕਲਾਸੀਕਲ ਕੀਰਤਨੀਆਂ ਤੋਂ ਪ੍ਰਸਿੱਧੀ ਅਤੇ ਮਾਇਕ ਪੱਖੋਂ

ਵਧੇਰੇ ਮਕਬੂਲ ਹੋਏ ਹਨ। ਇਸ ਕਾਰਨ ਜਿਹੜੇ ਕੀਰਤਨੀਏ ਮਿਆਰੀ ਕੀਰਤਨ ਕਰਨ ਦੀ ਸਮਰਥਾ ਵੀ ਰਖਦੇ ਹਨ ਉਹ ਸਧਾਰਨ ਕੀਰਤਨ ਕਰਨ ਲਗ ਪੈਂਦੇ ਹਨ। ਇੰਜ ਕੀਰਤਨੀਏ ਆਪਣੇ ਵਿਰਸੇ ਅਤੇ ਪਰੰਪਰਾ ਤੋਂ ਅਵੇਸਲੇ ਹੋ ਜਾਂਦੇ ਹਨ।

ਭਾਈ ਅਮਰਜੀਤ ਸਿੰਘ ਜੀ ਦੇ ਗਾਇਨ ਵਿਚ ਇਕ ਖਾਸ ਤਰ੍ਹਾਂ ਦੀ ਬੇਬਾਕੀ ਅਤੇ ਜੋਸ਼ ਹੈ। ਆਪ ਉੱਚੀ ਆਵਾਜ਼ ਵਿਚ ਤਾਣ ਲਾ ਕੇ ਕੀਰਤਨ ਕਰਦੇ ਹਨ। ਥੋੜੀ ਕੋਸ਼ਿਸ਼ ਕਰਨ ਤੇ ਆਪ ਟਕਸਾਲੀ ਢੰਗ ਦਾ ਕੀਰਤਨ ਵੀ ਕਰ ਸਕਦੇ ਹਨ। ਸ਼ਾਇਦ ਭਵਿੱਖ ਵਿਚ ਉਹ ਅਜੇਹੀ ਕੀਰਤਨ ਕੈਸਿਟ ਦੇ ਕੇ ਗੁਰਮਤ ਸੰਗੀਤ ਦੀ ਸਹੀ ਸੇਵਾ ਕਰਨਗੇ।

ਜ. ਸ.